Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਮਾਰਚ 2015 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਪੰਜਾਬੀਆਂ ਨੂੰ ਹੋਲੇ-ਮਹੱਲੇ ਦੀ ਲੱਖ-ਲੱਖ ਵਧਾਈ



## ਹੋਲਾ-ਮਹੱਲਾ ਸ੍ਰੀ ਅਨੰਦਪੁਰ ਸਾਹਿਬ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਵਿੱਦਿਆ ਵੀਚਾਰੀ ਤੇ ਪਰਉਪਕਾਰੀ



ਅਜੋਕੇ ਸਮੇਂ ਵਿੱਚ ਸਮਾਜ ਵਿੱਚ ਚੰਗੀ ਦਿੱਖ ਰੱਖਣ ਅਤੇ ਦੁਨੀਆਂ ਵਿੱਚ ਕਾਮਯਾਬ ਹੋਣ ਲਈ ਪੜ੍ਹਾਈ ਇਕ ਵਧੀਆ ਸਾਧਨ ਹੈ। ਜਿਸ ਰਾਹੀਂ ਪਰਿਵਾਰ, ਸਮਾਜ ਅਤੇ ਦੇਸ਼ ਦੀ ਤਰੱਕੀ ਵਿਚ ਹਰ ਵਿਅਕਤੀ ਆਪਣੇ ਤੌਰ ਤੇ ਚੰਗਾ ਯੋਗਦਾਨ ਪਾ ਸਕਦਾ ਹੈ। ਪੜ੍ਹਾਈ ਨਾਲ ਹਰ ਬੰਦੇ ਨੂੰ ਸੋਝੀ ਆਉਂਦੀ ਹੈ। ਪੜ੍ਹਾਈ ਕਰਨ ਵਾਸਤੇ ਘਰ ਦੀ ਅਤੇ ਸਮਾਜਿਕ ਅਦਾਰਿਆਂ ਦੀ ਭੂਮਿਕਾ ਅਹਿਮ ਹੁੰਦੀ ਹੈ। ਜਿਸ ਨਾਲ ਇਕ ਪ੍ਰੱਫੁਲਿਤ ਪੜ੍ਹਨ ਵਾਲਾ ਬੱਚਾ ਆਉਣ ਵਾਲੇ ਸਮੇਂ ਵਿੱਚ ਦੇਸ਼ ਕੌਮ ਦੀ ਤਰੱਕੀ ਦਾ ਹਿੱਸਾ ਬਣਦਾ ਹੈ। ਪ੍ਰੰਤੂ ਅਜਕੱਲ੍ਹ ਵੇਖਣ ਵਿੱਚ ਆਇਆ ਹੈ ਕਿ ਪਿੰਡਾਂ ਦੇ ਸਾਰੇ ਸਕੂਲਾਂ ਦੀ ਕਾਰਗੁਜ਼ਾਰੀ ਬਹੁਤ ਮਾੜੀ ਹੈ। ਇਸ ਕਾਰਗੁਜ਼ਾਰੀ ਲਈ ਸਰਕਾਰਾਂ ਤਾਂ ਜ਼ਿੰਮੇਵਾਰ ਹਨ ਹੀ ਪ੍ਰੰਤੂ ਸਾਡੇ ਸਮਾਜਿਕ, ਧਾਰਮਿਕ ਅਦਾਰੇ ਵੀ ਇਸ ਘਾਟ ਲਈ ਜ਼ਿੰਮੇਵਾਰ ਹਨ। ਸਰਕਾਰੀ ਵਿੱਦਿਅਕ ਸੰਸਥਾਵਾਂ ਜਿਵੇਂ ਕਿ ਸਕੂਲ, ਕਾਲਜ, ਤਕਨੀਕੀ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਾ ਹੋਣ ਕਰਕੇ ਪ੍ਰਾਈਵੇਟ ਅਦਾਰੇ ਬਹੁਤ ਹੀ ਮਹਿੰਗੇ ਭਾਅ ਵਿੱਚ ਸੇਵਾਵਾਂ ਦੇ ਕੇ ਆਮ ਜਨਤਾ ਨੂੰ ਲੁੱਟ ਰਹੇ ਹਨ। ਅਸਲ ਵਿੱਚ ਇਨ੍ਹਾਂ ਪ੍ਰਾਈਵੇਟ ਅਦਾਰਿਆਂ ਦੀ ਮਨਸ਼ਾ ਸਿਰਫ ਪੈਸਾ ਕਮਾਉਣ ਦੀ ਹੀ ਹੁੰਦੀ ਹੈ ਅਤੇ ਬਹੁਤ ਵਧੀਆ ਵਿੱਦਿਆ ਨਹੀਂ ਹੁੰਦੀ। ਸਗੋਂ ਅੱਜਕਲ ਛੋਟੇ ਮੋਟੇ ਕਲਚਰਲ, ਸਿਹਤ ਅਤੇ ਆਚਰਨ ਦੇ ਨਾਂ ਤੇ ਪ੍ਰੋਗਰਾਮ ਕਰਕੇ ਲੋੜ ਤੋਂ ਵੱਧ ਪੈਸਾ ਇਕੱਠਾ ਕਰਕੇ ਲਾਭ ਪ੍ਰਾਪਤ ਕਰਦੇ ਹਨ। ਇਸੇ ਕਰਕੇ ਅੱਜ ਆਮ ਵੇਖਣ ਵਿੱਚ ਆਉਂਦਾ ਹੈ ਕਿ ਸਕੂਲਾਂ ਤੋਂ ਇਲਾਵਾ ਬੱਚਿਆਂ ਨੂੰ ਜਦੋਂ ਵੀ ਕਿਸੇ ਯੋਗਤਾ ਲਈ ਟੈਸਟ ਦੇਣੇ ਪੈਂਦੇ ਹਨ ਤਾਂ ਉਨ੍ਹਾਂ ਨੂੰ ਹੋਰ ਖਰਚ ਕਰਕੇ ਰਿਫਰੈਸ਼ਰ ਕੋਰਸ ਵਗੈਰਾ ਕਰਨੇ ਪੈਂਦੇ ਹਨ। ਇਸ ਲਈ ਸਿਰਫ ਇਕ ਤੱਕੜਾ ਵਰਗ ਹੀ ਉੱਚ ਵਿੱਦਿਆ ਦੇ ਕਾਬਲ ਹੋ ਕੇ ਸਫਲ ਹੋਣ ਲਈ ਕੋਸ਼ਿਸ਼ ਕਰਦਾ ਹੈ ਅਤੇ ਬਾਕੀ ਦੇ ਕਿਸੇ ਨਾ ਕਿਸੇ ਪੜਾਅ ਤੇ ਵਿੱਦਿਆ ਵਿੱਚ ਹੀ ਛੱਡ ਜਾਂਦੇ ਹਨ। ਇਹ ਕਾਰਨ ਹੈ ਕਿ ਪੰਜਾਬ ਅਤੇ ਆਲੇ ਦੁਆਲੇ ਦੇ ਖੇਤਰ ਬਹੁਤ ਪੱਛੜ ਗਏ ਹਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਆਮ ਵਰਗ ਬਿਲਕੁਲ ਹੀ ਨਾਕਾਮਯਾਬ ਹੈ। ਅਸਲ ਵਿੱਚ ਦੁਨਿਆਵੀ ਵਿੱਦਿਆ ਅਤੇ ਧਰਮ ਦੀ ਵਿੱਦਿਆ ਦਾ ਸਮੇਲ ਹੀ ਅਸਲੀ ਵਿੱਦਿਆ ਹੁੰਦੀ ਹੈ ਅਤੇ ਉਸ ਤੋਂ ਸਾਨੂੰ ਮਨੁੱਖਤਾ, ਪਿਆਰ ਅਤੇ ਏਕਤਾ ਰੱਖ ਕੇ ਨਿਸ਼ਕਾਮ ਤਰੀਕੇ ਨਾਲ ਉੱਚ ਅਹੁਦੇ ਤੇ ਪਹੁੰਚਣ ਲਈ ਬਹੁਤ ਸਹਾਈ ਹੁੰਦੀ ਹੈ।

ਸਮਾਜ ਵਿੱਚ ਉੱਚੇ ਅਹੁਦੇ ਤੇ ਪਹੁੰਚਣ ਵਾਲੇ ਲੋਕ ਪਹਿਲਾਂ ਸਾਧਾਰਨ ਵਿਅਕਤੀ ਹੀ ਹੁੰਦੇ ਹਨ ਜਿਵੇਂ ਕਿ ਅਮਰੀਕਾ ਦੇ ਸਾਬਕਾ ਪ੍ਰਧਾਨ ਮੰਤਰੀ, ਅਬਰਾਹਮ ਲਿੰਕਨ ਤੇ ਮੌਜੂਦਾ ਪ੍ਰਧਾਨ ਬਰਾਕ ਉਬਾਮਾ ਦੀਆਂ ਉਦਾਹਰਨਾਂ ਬਹੁਤ ਹੀ ਮਹੱਤਵਪੂਰਨ ਹਨ। ਇਸੇ ਤਰ੍ਹਾਂ ਸਾਡੇ ਦੇਸ਼ ਵਿੱਚ ਡਾ. ਰਾਧਾ ਕ੍ਰਿਸ਼ਨ, ਡਾ. ਮਨਮੋਹਨ ਸਿੰਘ, ਸਾਬਕਾ ਪ੍ਰਧਾਨ ਮੰਤਰੀ, ਡਾ. ਰਾਮਾਨੁਜੰਨ, ਸਾਇੰਸਦਾਨ ਆਦਿ ਵਰਗੇ ਸੱਚੀ ਸੁਚੀ ਵਿੱਦਿਆ ਦੇ ਸਿਰ ਤੇ ਹੀ ਜ਼ਿੰਦਗੀ ਦੇ ਸ਼ਿਖਰ ਵਿੱਚ ਬਹੁਤ ਅਹਿਮ ਅਤੇ ਉੱਚੇ ਅਹੁਦਿਆਂ ਤੇ ਪਹੁੰਚੇ ਹਨ। ਵਿੱਦਿਆ ਨੂੰ ਹਾਸਲ ਕਰਨ ਲਈ ਸਖਤ ਮਿਹਨਤ, ਦ੍ਰਿੜਤਾ ਅਤੇ ਲਗਨ ਦੀ ਲੋੜ ਹੁੰਦੀ ਹੈ। ਇਸ ਕੰਮ ਵਿੱਚ ਅੱਜ ਕੱਲ੍ਹ ਸਮਾਜ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਉਪਰਾਲੇ ਵੱਲ ਲੱਗੀਆਂ ਹੋਈਆਂ ਹਨ ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਕੇਂਦਰੀ ਸਰਕਾਰ ਤੋਂ ਲੋੜੀਂਦੀ ਮਾਸਿਕ ਸਹਾਇਤਾ ਲਈ ਜਾ ਸਕਦੀ ਹੈ। ਇਹ ਸਭ ਕੁਝ ਪ੍ਰਾਪਤ ਕਰਨ ਲਈ ਇਨ੍ਹਾਂ ਸੰਸਥਾਵਾਂ ਦੇ ਕਰਿੰਦਿਆਂ ਨਾਲ ਸੰਪਰਕ ਕਰਨਾ ਜ਼ਰੂਰੀ ਹੈ ਤਾਂ ਜੋ ਸਹੀ ਤਰੀਕੇ ਨਾਲ ਸਹਾਇਤਾ ਲਈ ਜਾ ਸਕੇ। ਇਹ ਸਕੀਮਾਂ ਅੱਜਕੱਲ੍ਹ ਇੰਟਰਨੈਟ ਤੇ ਵੀ ਪ੍ਰਾਪਤ ਹਨ ਪ੍ਰੰਤੂ ਪਿੰਡਾਂ ਦੇ ਵਿੱਚ ਵਿੱਦਿਆ ਦਾ ਮਿਆਰ ਅਤੇ ਸੋਝੀ ਘੱਟ ਹੋਣ ਕਰਕੇ ਸਮਾਜਿਕ ਅਦਾਰਿਆਂ ਦੀ ਭੂਮਿਕਾ ਵਿਸ਼ੇਸ਼ ਬਣ ਜਾਂਦੀ ਹੈ। ਇਸ ਕੰਮ ਲਈ ਇੰਟਰਨੈਸ਼ਨਲ ਸਿੱਖ ਕੰਨਫੈਡਰੇਸ਼ਨ, ਚੰਡੀਗੜ੍ਹ ਜਾਂ ਉਨ੍ਹਾਂ ਦੇ ਖੇਤਰੀ ਸੰਸਥਾਵਾਂ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

ਵਿੱਦਿਆ ਨੂੰ ਇਕ ਲਹਿਰ ਬਣਾ ਕੇ ਚਲਾਉਣਾ ਚਾਹੀਦਾ ਹੈ। ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਇਕ ਵਿਅਕਤੀ ਨੂੰ ਆਪਣਾ ਲੋੜੀਂਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਚੰਗੀ ਵਿਦਿਆ ਨਾਲ ਹਾਸਲ ਕੀਤੇ ਕੰਮਾਂ ਦੀ ਦੁਨੀਆਂ ਭਰ 'ਚ ਬੰਦੇ ਦੀ ਸ਼ਲਾਘਾ ਹੁੰਦੀ ਹੈ ਅਤੇ ਜੀਵਨ ਸਫਲ ਹੁੰਦਾ ਹੈ। ਜਿੰਨੇ ਵੀ ਸਾਡੇ ਰਾਜਸੀ, ਸਮਾਜਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਚੰਗੇ ਉਪਰਾਲੇ ਕੀਤੇ ਹਨ ਉਨ੍ਹਾਂ ਦਾ ਹਮੇਸ਼ਾਂ ਅਹਿਸਾਨ ਰਹਿੰਦਾ ਹੈ। ਜਿਸ ਤੇ ਪ੍ਰਮਾਤਮਾ ਵੱਲੋਂ ਵੀ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ। ਅੱਜਕਲ੍ਹ ਹੋਰ ਸਾਧਨ ਜਿਵੇਂ ਕਿ ਖੇਤ ਆਦਿ ਤੇ ਆਮਦਨ ਲਈ ਆਮ ਵਰਗ ਨਿਰਭਰ ਨਹੀਂ ਹੋ ਸਕਦਾ।

ਇਹ ਘਾਟ ਸਾਡੇ ਧਾਰਮਿਕ ਅਦਾਰਿਆਂ ਵਿੱਚ ਵੀ ਦੇਖੀ ਗਈ ਹੈ ਜਿਸ ਵਿੱਚ ਪੁਜਾਰੀ ਜਿਨ੍ਹਾਂ ਨੇ ਦੂਜਿਆਂ ਨੂੰ ਸੇਧ ਦੇਣੀ ਹੁੰਦੀ ਹੈ ਬਹੁਤ ਘੱਟ ਪੜ੍ਹੇ ਲਿਖੇ ਅਤੇ ਘੱਟ ਸੋਝੀ ਹੋਣ ਕਰਕੇ ਚੰਗੀਆਂ ਆਦਤਾਂ ਤੇ ਅਗਵਾਈ ਦੇ ਧਾਰਨੀ ਨਹੀਂ ਹੁੰਦੇ ਪ੍ਰੰਤੂ ਇਕ ਕਾਰੋਬਾਰੀ ਦੀ ਤਰ੍ਹਾਂ ਹੀ ਸੇਵਾਵਾਂ ਨਿਭਾਉਂਦੇ ਹਨ। ਇਸ ਤਰ੍ਹਾਂ ਇਹ ਧਾਰਮਿਕ ਅਦਾਰੇ ਜੋ ਕਿ ਆਮ ਤੌਰ ਤੇ ਮਾਂ ਬੋਲੀ 'ਤੇ ਅਧਾਰਿਤ ਹੁੰਦੇ ਹਨ ਸਮਾਜ ਦੀਆਂ ਨੀਹਾਂ ਕੱਚੀਆਂ ਕਰਦੇ ਹਨ। ਵਿਸ਼ਵ ਵਿੱਚ ਉੱਚੇ ਮਿਆਰ ਦੀਆਂ ਕੌਮਾਂ ਦੇ ਧਾਰਮਿਕ ਆਗੂ ਅਤੇ ਪੁਜਾਰੀ ਚੰਗੇ ਪੜ੍ਹੇ ਲਿਖੇ, ਚੰਗੀ ਵਿੱਦਿਆ ਅਤੇ ਚੰਗੀ ਤਨਖਾਹ ਵਾਲੇ ਹਨ।

**ਗੁਰਚਰਨ ਸਿੰਘ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**

# ਲੁਬਾਣਾ ਸੇਵਕ

**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Co-Editor**
S. Manjit Singh S.E. (Retd.) Jalandhar

**Outline Editor**
Er. Harbir Singh Multani Jalandhar

**Advisors**
Principal Dr. Tarlok Singh, Mohali
S. Naginder Singh, Mohali
Prof. Rajinder Singh, Jalandhar
S. Surinder Singh Ruby (E.T.O.), Jalandhar
Dr. Davinder Singh, Mukerian

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

Printed & Published by
Gurcharan Singh for Baba Makhan
Shah Lobana Foundation (Regd.)
Sector 30-A, Chandigarh.

Computer Designing
Walia Paper & Stationer's



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 37 | ਮਾਰਚ - 2015



1. ਲਾਹੌਰ ਸੈਂਟਰਲ ਜੇਲ੍ਹ ਵਿਚਲਾ ਫਾਂਸ਼ੀ ਦਾ ਤਖ਼ਤਾ 4
2. ਖ਼ਾਲਸੇ ਦਾ ਤਿਉਹਾਰ - ਹੋਲਾ ਮਹੱਲਾ 5
3. ਹੋਲੀ ਤੋਂ ਹੋਲਾ-ਮਹੱਲਾ 8
4. ਗੁਰ ਸਾਗਰ ਦੇ ਸੁੱਚੇ ਮੋਤੀ 10
5. ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ 14
6. 'ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ' 17
7. ਦੇਖਿਓ ਪੰਜਾਬੀਓ! ਪੰਜਾਬੀ ਭੁੱਲ ਜਾਇਓ ਨਾ 20
8. ਜ਼ਿੰਦਗੀ ਵਿਚ ਹਾਰ ਦਾ ਸਾਹਮਣਾ ਕਿਵੇਂ ਕਰੀਏ? 22
9. ਕਿੱਧਰ ਗਈਆਂ ਚਾਟੀਆਂ ਤੇ ਮਧਾਣੀਆਂ? 26
10. ਖੇਡ ਸੱਭਿਆਚਾਰ 27
11. ਕਾਵਿ-ਕਿਆਰੀ 30
12. ਬੁਢਾਪੇ ਵਿਚ ਵੀ ਰਹੋ ਚੁਸਤ-ਦਰੁਸਤ 32
13. ਸ਼ੋਕ ਸਮਾਚਾਰ 33
14. Bhai Nadu Shah 34
15. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ 36
16. ਵਰ/ਕੰਨਿਆਂ ਦੀ ਲੋੜ 38






**ਹੋਲੀ ਤੋਂ ਹੋਲਾ ਮਹੱਲਾ**

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

# ਲਾਹੌਰ ਸੈਂਟਰਲ ਜੇਲ੍ਹ ਵਿਚਲਾ ਫਾਂਸ਼ੀ ਦਾ ਤਖ਼ਤਾ



ਇਹ ਫਾਂਸ਼ੀ ਦਾ ਤਖ਼ਤਾ ਯਾਦਗਾਰ ਨਿਸ਼ਾਨੀ ਹੈ ਉਹਨਾਂ ਬਹਾਦਰ ਇਨਕਲਾਬੀਆਂ ਦੀ ਅਨਮੋਲ ਕੁਰਬਾਨੀ ਦਾ, ਜਿਹੜੇ ਇਸ ਤਖ਼ਤੇ 'ਤੇ ਚੜ੍ਹ ਕੇ, ਫਾਂਸ਼ੀ ਦੇ ਫੰਦੇ ਗਲ ਵਿਚ ਪਾ ਕੇ ਦੇਸ਼ ਉਤੋਂ ਨਿਛਾਵਰ ਹੋ ਗਏ। ਕਰਤਾਰ ਸਿੰਘ ਸਰਾਭਾ ਤੇ ਉਹਦੇ ਸਾਥੀਆਂ ਨੇ ਏਸੇ ਫੱਟੇ 'ਤੇ ਕਦਮ ਰੱਖੇ ਹੋਣਗੇ। ਲਾਹੌਰ ਦੇ ਸਾਰੇ ਸਾਜ਼ਿਸ਼ ਕੇਸਾਂ ਦੇ ਸੂਰਮੇ ਏਸੇ ਫੱਟੇ ਤੇ ਚੜ੍ਹ ਕੇ ਜਾਨਾਂ ਨਿਛਾਵਰ ਕਰ ਗਏ। ਕੁਰਬਾਨੀਆਂ ਦਾ ਇਹ ਸਿਲਸਿਲਾ ਚੱਲ ਸੋ ਚੱਲ ਚੱਲਦਾ ਰਿਹਾ। ਗ਼ਦਰੀਆਂ ਤੋਂ ਬਾਅਦ ਬੱਬਰ ਅਕਾਲੀ ਤੇ ਫਿਰ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਨੇ ਏਸੇ ਤਖ਼ਤੇ 'ਤੇ 'ਸਰ ਫ਼ਰੋਸ਼ੀ ਕੀ ਤਮੰਨਾ' ਗਾਉਂਦਿਆਂ ਜਾਨ ਦੀ ਬਾਜ਼ੀ ਲਾਈ। ਇਹ ਤਖ਼ਤਾ ਆਜ਼ਾਦੀ ਦੀ ਲੜਾਈ ਵਿਚ ਦਿੱਤੀਆਂ ਅਨੇਕਾਂ ਲੜੀਵਾਰ ਕੁਰਬਾਨੀਆਂ ਦਾ ਚਸ਼ਮਦੀਦ ਗਵਾਹ ਹੈ। ਇਹ ਤਖ਼ਤਾ ਦੱਸਦਾ ਹੈ ਕਿ ਇਕ ਇਨਕਲਾਬੀ ਤਹਿਰੀਕ ਕਿਵੇਂ ਅਗਲੀ ਇਨਕਲਾਬੀ ਤਹਿਰੀਕ ਲਈ ਪ੍ਰੇਰਨਾ ਦਾ ਸੋਮਾ ਬਣਦੀ ਰਹੀ। ਕਿਵੇਂ ਆਪਣੀ ਵਾਰੀ ਤੇ ਨਵੇਂ ਇਨਕਲਾਬੀ ਪੁਰਾਣਿਆਂ ਦੀ ਰੀਤ ਨੂੰ ਅੱਗੇ ਤੋਰਦੇ ਰਹੇ। ਜੇ ਕਰਤਾਰ ਸਿੰਘ ਸਰਾਭੇ ਨੇ ਕਦੀ 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ' ਜਾਂ 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਗਾਉਂਦਿਆਂ ਜਾਨ ਦੀ ਬਾਜੀ ਲਾਈ ਸੀ ਤਾਂ ਕਿਵੇਂ ਉਹ ਭਗਤ ਸਿੰਘ ਲਈ ਵੀ 'ਮੇਰਾ ਰੰਗ ਦੇ ਬਸੰਤੀ ਚੋਲਾ' ਗਾਉਣ ਤੇ ਸਿਰ ਨਾਲ ਬਾਜ਼ੀ ਪੁਗਾਉਣ ਦੀ ਪ੍ਰੇਰਨਾ ਤੇ ਕੁਰਬਾਨੀ ਦਾ ਸਰੋਤ ਹੋ ਨਿੱਬੜਿਆ ਸੀ ਇਹ ਤਖ਼ਤਾ ਇਨਕਲਾਬੀ ਤਹਿਰੀਕ ਦੀ ਨਿਰੰਤਰਤਾ ਦਾ ਵੀ ਪ੍ਰਤੀਕ ਸੀ। ਇਹ ਤਹਿਰੀਕ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਲੜੀ ਜਾ ਰਹੀ ਹੈ ਜਾਂ ਲੜੀ ਜਾਣੀ ਹੈ।


**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**




ਇਸ ਤਖ਼ਤੇ ਵੱਲ ਵੇਖਦਿਆਂ ਉਹਨਾਂ ਸ਼ਹੀਦ ਹੋਣ ਵਾਲੇ ਸੂਰਮਿਆਂ ਦੇ ਮਨਾਂ ਵਿਚ ਉਹਨਾਂ ਪਲਾਂ ਵਿਚ ਮੱਚ ਰਹੀ ਖਲਬਲੀ ਦਾ ਚੇਤਾ ਵੀ ਆਉਂਦਾ ਹੈ। ਜਦੋਂ ਉਹ ਤਖ਼ਤੇ 'ਤੇ ਚੜ੍ਹੇ ਹੋਣਗੇ ਤਾਂ ਕੀ ਕੀ ਅਰਮਾਨ ਹੋਣਗੇ ਉਹਨਾਂ ਦੇ ਦਿਲ ਵਿਚ! ਕੀ ਕੀ ਸੁਪਨੇ ਹੋਣਗੇ ਉਹਨਾਂ ਦੀਆਂ ਅੱਖਾਂ ਵਿਚ! ਆਖ਼ਰੀ ਸਾਹ ਲੈਣ ਤੋਂ ਪਹਿਲਾਂ ਉਹਨਾਂ ਨੇ ਕੀ ਕੀ ਸੋਚਿਆ ਹੋਵੇਗਾ ਆਪਣੀ ਜ਼ਿੰਦਗੀ ਬਾਰੇ, ਆਪਣੀ ਮੌਤ ਬਾਰੇ। ਆਪਣੇ ਦੇਸ਼ ਤੇ ਦੇਸ਼ ਵਾਸੀਆਂ ਬਾਰੇ। ਪਿੱਛੇ ਰਹਿ ਗਏ ਆਪਣੇ ਟੱਬਰ ਦੇ ਜੀਆਂ ਬਾਰੇ। ਪਤਨੀਆਂ ਬਾਰੇ, ਬੱਚਿਆਂ ਬਾਰੇ, ਮਾਂ-ਬਾਪ ਬਾਰੇ। ਜਿਨ੍ਹਾਂ ਦਾ ਉਹਨਾਂ ਨੇ ਆਸਰਾ ਬਣਨਾ ਸੀ, ਡੰਗੋਰੀ ਬਣਨਾ ਸੀ। ਉਹਨਾਂ ਤਾਂ ਸੋਚਿਆ ਹੋਊ ਕਿ ਦੇਸ਼ ਆਜ਼ਾਦ ਹੋਣ ਬਾਅਦ ਉਹਨਾਂ ਦੇ ਸੁਪਨਿਆਂ ਦੇ ਰਾਜ ਤੇ ਸਮਾਜ ਦੀ ਉਸਾਰੀ ਹੋਵੇਗੀ। ਬਾਕੀ ਦੇਸ਼ ਵਾਸੀਆਂ ਵਾਂਗ ਉਹਨਾਂ ਦੇ ਪਰਿਵਾਰਾਂ ਦੇ ਦੁੱਖ ਤੇ ਗਰੀਬੀ ਵੀ ਕੱਟੀ ਜਾਊ। ਪਰ ਕੀ ਪਤਾ ਸੀ ਦੇਸ਼ ਆਜ਼ਾਦ ਹੋਣ ਬਾਅਦ ਵੀ ਉਹਦੇ ਬਹੁ-ਗਿਣਤੀ ਦੇਸ-ਵਾਸੀਆਂ ਵਾਂਗ ਉਹਨਾਂ ਦੇ ਬਹੁਤੇ ਟੱਬਰਾਂ ਦੀ ਤਕਦੀਰ ਵਿਚ ਵੀ ਰੁਲਣਾ ਤੇ ਦੁੱਖ ਭੋਗਣਾ ਹੀ ਲਿਖਿਆ ਹੋਣਾ ਸੀ। ਇਸ ਤਖ਼ਤੇ ਨੇ ਆਪਣਾ ਰੂਪ ਬਦਲ ਕੇ ਹੋਰ ਕਈ ਸ਼ਕਲਾਂ ਵਿਚ ਉਹਨਾਂ ਸੂਰਮਿਆਂ ਦੇ ਰਾਹਾਂ 'ਤੇ ਤੁਰਨ ਵਾਲਿਆਂ ਨਾਲ ਉਹੋ ਸਲੂਕ ਕਰਨਾ ਸੀ। ਉਹਨਾਂ ਨੂੰ ਕੀ ਪਤਾ ਸੀ ਇਸ ਲੜਾਈ ਨੇ ਕਿੰਨਾ ਲੰਮਾ ਚੱਲਣਾ ਸੀ!

ਫਾਂਸ਼ੀ ਦਾ ਇਹ ਤਖ਼ਤਾ ਉਹਨਾਂ ਜਿੰਦਾ ਸ਼ਹੀਦਾਂ ਦੀ ਯਾਦ ਵੀ ਦਿਵਾਉਂਦਾ ਹੈ, ਜਿਹੜੇ ਫਾਂਸ਼ੀ ਚੜ੍ਹਨੋਂ ਤਾਂ ਕਿਸੇ ਨਾ ਕਿਸੇ ਸੂਰਤ ਵਿਚ ਬਚ ਗਏ, ਪਰ ਜਿਨ੍ਹਾਂ ਨੇ ਸਾਰੀ ਉਮਰ ਵਤਨ ਅਤੇ ਜ਼ਮੀਰ ਨਾਲ ਕੀਤੇ ਕੌਲ ਨੂੰ ਆਖ਼ਰੀ ਸਾਹਾਂ ਤੱਕ ਨਿਭਾਇਆ। ਦੇਸ਼ ਲਈ ਮਰ ਜਾਣਾ ਨਿਸ਼ਚੈ ਹੀ ਬੇਮਿਸਾਲ ਕੁਰਬਾਨੀ ਅਤੇ ਬਹਾਦਰੀ ਦੀ ਮਿਸਾਲ ਹੈ ਪਰ ਜਿਉਂਦੇ ਰਹਿ ਕੇ ਆਪਣੇ ਲੋਕਾਂ ਲਈ ਲਗਾਤਾਰ ਲੜਨਾ, ਡਿੱਗਣਾ, ਉਠਣਾ ਤੇ ਮੁੜ ਲੜਨਾ ਤੇ ਲੜਦੇ ਜਾਣਾ; ਕਿਸੇ ਲਾਲਚ ਜਾਂ ਕਮਜ਼ੋਰੀ ਵਿਚ ਆ ਕੇ ਦਿਲ ਨਾ ਛੱਡਣਾ; ਆਪਣੇ ਪਵਿੱਤਰ ਨਿਸ਼ਾਨੇ ਨੂੰ ਹਰਦਮ ਆਪਣੀ ਨਜ਼ਰ ਦਾ ਕੇਂਦਰ ਬਣਾਈ ਰੱਖਣਾ ਵੀ ਕੋਈ ਸਹਿਲ ਕਾਰਜ ਨਹੀਂ। ਜਿਨ੍ਹਾਂ ਦੇਸ਼ ਭਗਤਾਂ ਨੇ ਇਹ ਕਾਰਜ ਸਿਰੇ ਚੜ੍ਹਾਉਂਦਿਆਂ ਆਪਣੀ ਚਿੱਟੀ ਪੱਗ ਨੂੰ ਦਾਗ਼ ਨਾ ਲੱਗਣ ਦਿੱਤਾ ਅਤੇ ਉਹ ਨਵੀਂ ਨਸਲ ਲਈ ਹਮੇਸ਼ਾ ਜਿਉਂਦੀ, ਜਗਦੀ ਤੇ ਜਾਗਦੀ ਪ੍ਰੇਰਨਾ ਦਾ ਸੋਮਾ ਬਣੇ ਰਹੇ ਉਹਨਾਂ ਦੀ ਬੇਮਿਸਾਲ ਕੁਰਬਾਨੀ ਦਾ ਮਹੱਤਵ ਵੀ ਕਿਸੇ ਸੂਰਤ ਵਿਚ ਘੱਟ ਨਹੀਂ। ਆਪਣੇ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਇਹਨਾਂ ਉਮਰ ਭਰ ਜੂਝਣ ਤੇ ਕੁਰਬਾਨ ਹੋਣ ਵਾਲੇ ਮਰਜੀਵੜਿਆਂ ਦੀ ਅਁਕ ਸਮਰੱਥਾ ਤੇ ਅਸੀਮ ਕੁਰਬਾਨੀ ਅੱਗੇ ਸਿਰ ਝੁਕਾਉਣਾ ਵੀ ਸਾਡਾ ਫ਼ਰਜ਼ ਹੈ। ਭਗਤ ਸਿੰਘ ਨੇ ਆਪਣੇ ਸਾਥੀ ਨੂੰ ਲਿਖਿਆ ਸੀ, "ਮੈਂ ਜਾਨ ਦੇ ਕੇ ਸਾਬਤ ਕਰਨਾ ਹੈ ਕਿ ਇਕ ਇਨਕਲਾਬੀ ਕਿਵੇਂ ਕੁਰਬਾਨ ਹੋ ਸਕਦਾ ਹੈ ਤੇ ਤੂੰ ਇਹ ਸਾਬਤ ਕਰਨਾ ਹੈ ਕਿ ਜੇ ਇਨਕਲਾਬੀ ਜਿਉਂਦਾ ਰਹਿੰਦਾ ਹੈ ਤਾਂ ਉਹ ਕਿੰਨੀ ਸ਼ਾਨ ਨਾਲ ਜਿਉਂਦਾ ਹੈ।" ਇਹ ਤਖ਼ਤਾ 'ਸ਼ਾਨ' ਨਾਲ ਕੁਰਬਾਨ ਹੋਣ ਵਾਲਿਆਂ ਦੀ ਕੁਰਬਾਨੀ ਦਾ ਪ੍ਰਤੀਕ ਹੈ ਤੇ ਇਹ ਸੁਨੇਹਾ ਵੀ ਦਿੰਦਾ ਹੈ ਕਿ ਜਿਹੜੇ ਇਨਕਲਾਬ ਦੇ ਰਾਹ ਜਿਉਂਦੇ-ਜੀਅ ਤੁਰ ਰਹੇ ਸਨ ਉਹਨਾਂ ਨੇ ਵੀ ਕਿੰਨੇ ਸ਼ਾਨ ਨਾਲ ਜੀਵਨ ਜੀਵਿਆ। ਬਾਬਾ ਸੋਹਨ ਸਿੰਘ ਭਕਨਾ ਤੇ ਉਹਨਾਂ ਦੇ ਸਾਥੀਆਂ ਦੀ ਜ਼ਿੰਦਗੀ ਜਿਉਂਦੇ ਬਚੇ ਰਹਿ ਗਏ ਇਨਕਲਾਬੀਆਂ ਦੀ ਸ਼ਾਨਾ-ਮੱਤੀ ਉਦਾਹਰਣ ਹੈ।

**ਧੰਨਵਾਦ ਸਹਿਤ ਦੇਸ਼ ਭਗਤ ਯਾਦਗਾਰ ਹਾਲ**

# ਖ਼ਾਲਸੇ ਦਾ ਤਿਉਹਾਰ - ਹੋਲਾ ਮਹੱਲਾ

ਡਾ. ਕੁਲਦੀਪ ਸਿੰਘ ਹਉਰਾ



ਕਿਸੇ ਵਿਦਵਾਨ ਦਾ ਕਥਨ ਹੈ, ਜੋ ਕੌਮ ਮਰਨਾ ਜਾਣਦੀ ਹੈ, ਉਸ ਨੂੰ ਜਿਉਣ ਦਾ ਲਾਲਚ ਨਹੀਂ ਹੁੰਦਾ। ਉਸ ਕੌਮ ਨੂੰ ਵਿਸ਼ਵਾਸ ਹੁੰਦਾ ਹੈ,

**"ਮਰਣੁ ਮੁਣਸਾਂ ਸੂਰਿਆ ਹਕੁ ਹੈ**
**ਜੋ ਹੋਇ ਮਰਹਿ ਪਰਵਾਣੋ ॥'** (ਪੰਨਾ ੫੮੦)

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦੱਸੀ ਮਰਨ ਦੀ ਜਾਚ ਹੀ ਸੀ ਜਿਸ ਨੇ ਬੈਰਾਗੀ ਮਾਧੋ ਦਾਸ ਨੂੰ ਕਰਮ-ਯੋਗੀ, ਸੰਤ-ਸਿਪਾਹੀ ਬਣਾ ਕੇ ਜ਼ਾਲਮ ਤੇ ਜਾਬਰ ਹਕੂਮਤ ਨਾਲ ਲਿਆ ਭਿੜਾਇਆ।

ਡਾ. ਗੋਕਲ ਚੰਦ ਨਾਰੰਗ ਦੇ ਲਿਖਣ ਅਨੁਸਾਰ 'ਸਿੰਘ' ਹੋਣਾ ਮੌਤ-ਲਾੜੀ ਨਾਲ ਵਿਆਹ ਕਰਨ ਦੇ ਤੁੱਲ ਹੁੰਦਾ ਸੀ। ਜੇ ਇਕ ਔਰਤ ਦੂਸਰੀ ਨੂੰ ਪੁੱਛਦੀ ਕਿ ਤੇਰੇ ਕਿੰਨੇ ਪੁੱਤਰ ਹਨ? ਤਾਂ ਉਹ ਕਹਿੰਦੀ, 'ਪੁੱਤਰ ਤਾਂ ਚਾਰ ਸਨ, ਪਰ ਇਕ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਹੈ।' ਇਸ ਦਾ ਭਾਵ ਇਹ ਹੁੰਦਾ ਸੀ ਕਿ ਚੌਥਾ ਪੁੱਤਰ ਸਿੰਘ ਸਜ ਕੇ ਆਪ ਹੀ ਆਪਣੀ ਮੌਤ ਸਹੇੜ ਬੈਠਾ ਹੈ।

ਸਰ ਜਾਦੂ ਨਾਥ ਸਰਕਾਰ ਨੇ ਲਿਖਿਆ ਹੈ, "ਪੰਜ ਮਈ ੧੭੩੯ ਨੂੰ ੧੫ ਕਰੋੜ ਨਕਦ ਤੇ ੫੦ ਕਰੋੜ ਦਾ ਸਾਮਾਨ ਅਤੇ ਤਖਤਿ-ਤਾਊਸ ਆਦਿ ਦਿੱਲੀ ਤੋਂ ਲੁੱਟ ਕੇ, ੫੦ ਹਜ਼ਾਰ ਹਿੰਦੂ ਲੜਕੇ-ਲੜਕੀਆਂ ਕੈਦ ਕਰਕੇ, ਨਾਦਰਸਾਹ ਜਦੋਂ ਆਪਣੇ ਦੇਸ਼ ਵਾਪਸ ਮੁੜਿਆ ਤਾਂ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਿੰਘਾਂ ਨੇ ਉਸ ਨੂੰ ਲੁੱਟਿਆ ਤੇ ਉਸ ਦਾ ਭਾਰ ਹੌਲਾ ਕੀਤਾ ਅਤੇ ਲੜਕੇ-ਲੜਕੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੀਂ ਪਹੁੰਚਾਇਆ। ਨਾਦਰਸ਼ਾਹ ਬੜਾ ਪ੍ਰੇਸ਼ਾਨ ਹੋਇਆ ਤੇ ਉਸ ਜ਼ਕਰੀਆ ਖਾਂ ਨੂੰ ਪੁੱਛਿਆ ਕਿ ਇਹ ਲੋਕ ਕੌਣ ਹਨ, ਜਿਨ੍ਹਾਂ ਨੇ ਮੇਰੀ ਫੌਜ ਦੇ ਹੁੰਦਿਆਂ ਵੀ ਮੇਰੀ ਲੁੱਟ ਦਾ ਮਾਲ ਖੋਹਣੋਂ ਸੰਕੋਚ ਨਹੀਂ ਕੀਤਾ?


ਜ਼ਕਰੀਆ ਖਾਂ ਨੇ ਉਸ ਨੂੰ ਦੱਸਿਆ, "ਇਹ ਹਿੰਦੂ ਮੁਸਲਮਾਨਾਂ ਤੋਂ ਨਿਰਾਲੇ ਹਨ। ਜੰਗਲਾਂ ਤੇ ਪਹਾੜਾਂ ਵਿਚ ਰਹਿੰਦੇ ਹਨ ਤੇ ਘੋੜਿਆਂ ਦੀਆਂ ਕਾਠੀਆਂ ਇਨ੍ਹਾਂ ਦੇ ਘਰ ਹਨ। ਅਸੀਂ ਇਨ੍ਹਾਂ ਨੂੰ ਮਾਰ-ਮਾਰ ਥੱਕ ਗਏ ਹਾਂ ਪਰ ਇਹ ਮੁੱਕਦੇ ਹੀ ਨਹੀਂ।" ਨਾਦਰਸ਼ਾਹ ਨੇ ਸੁਣ ਕੇ ਉਂਗਲੀ ਦੰਦਾਂ ਹੇਠ ਦੇ ਲਈ ਤੇ ਕਿਹਾ, "ਉਹ ਸਮਾਂ ਦੂਰ ਨਹੀਂ ਜਦੋਂ ਇਹ ਲੋਕ ਦੇਸ਼ ਦੇ ਮਾਲਕ ਹੋਣਗੇ।"

ਜਦੋਂ ਨਾਦਰਸ਼ਾਹ ਨੇ ਸਿੰਘਾਂ ਬਾਰੇ ਇਹ ਕੁਝ ਸੁਣਿਆ ਤਾਂ ਉਹ ਹੈਰਾਨ ਰਹਿ ਗਿਆ ਤੇ ਕਹਿਣ ਲੱਗਾ, "ਜੇਕਰ ਸੱਚ ਹੀ ਸਿੰਘ ਐਸੇ ਹਨ, ਜੈਸੇ ਤੂੰ ਮੈਨੂੰ ਦੱਸਿਆ ਹੈ ਤਾਂ ਕੰਨ ਖੋਲ੍ਹ ਕੇ ਸੁਣ ਲੈ :

**ਤੌ ਇਹ ਮਾਰੇ ਨਾ ਮਰੈਂ ਜੀਤ ਸਕੈ ਇਨ ਕੌਨ?**
**ਨਾਹਕ ਸਹਿਤ ਕਲੇਸ ਤੁਮ ਦੁਖ ਦੇਤ ਇਨ ਜੌਨ ॥੧੬॥**
**ਮਾਰਤ ਹੋ ਤੁਮ ਆਪ ਹੀ ਅਪਨੇ ਪੈਰ ਕੁਠਾਰ।**
**ਕੁਛ ਦਿਨ ਕੋ ਸਿੰਘ ਹੋਇ ਹੈਂ ਭੂਪਤਿ ਮੁਲਕ ਮਝਾਰ ॥੧੭॥**

ਉਪਰਲੀਆਂ ਸਤਰਾਂ ਵਿਚ 'ਕਾਣ ਨ ਕਾਹੂੰ ਕੀ ਇਹੁ ਰਾਖਤ', 'ਸ਼ਹਿਨਸ਼ਾਹ ਖੁਦ ਹੀ ਕੋ ਭਾਖਤ' ਵੀ ਸ਼ਾਮਲ ਹਨ ਜੋ ਪ੍ਰਤੀਕ ਹਨ ਸਿੰਘਾਂ ਦੀ ਚੜ੍ਹਦੀ ਕਲਾ ਦੇ।

ਇਸ 'ਤੇ ਜ਼ਕਰੀਆ ਖ਼ਾਂ ਰੋਹ ਵਿਚ ਆ ਗਿਆ ਤੇ ਉਸ ਨੇ ਸਿੰਘਾਂ ਨੂੰ ਕੈਦ ਕਰਕੇ ਲਾਹੌਰ ਲਿਆਉਣ ਦਾ ਹੁਕਮ ਦੇ ਦਿੱਤਾ। ਜਿਹੜੇ ਸਿੰਘ ਫੜ ਕੇ



ਲਿਆਂਦੇ ਜਾਂਦੇ, ਉਨ੍ਹਾਂ ਨੂੰ ਨਿਖਾਸ ਚੌਂਕ ਵਿਚ ਲਿਆ ਕੇ ਸ਼ਹੀਦ ਕਰ ਦਿੱਤਾ ਜਾਂਦਾ। ਇਸ ਤਰ੍ਹਾਂ ਕਰਕੇ ਹਕੂਮਤ ਸਮਝਦੀ ਕਿ ਸਿੰਘ ਹੁਣ ਖਤਮ ਹੋਏ ਕਿ ਹੋਏ ਪਰ ਸਮਾਂ ਮਿਲਣ 'ਤੇ ਸਿੰਘ ਆਪਣੀ ਤੇਗ ਦੇ ਜੌਹਰ ਵਿਖਾ ਦਿੰਦੇ ਸਨ। ਸਰਕਾਰ ਵੱਲੋਂ ਅੰਮ੍ਰਿਤਸਰ ਦੇ 'ਦਰਸ਼ਨ-ਇਸ਼ਨਾਨ' ਤੇ ਪਾਬੰਦੀ ਲਗਾ ਦਿੱਤੀ ਗਈ। ਪ੍ਰਾਚੀਨ ਪੰਥ-ਪ੍ਰਕਾਸ਼ 'ਚ ਇਕ ਘਟਨਾ ਦਾ ਵਰਣਨ ਮਿਲਦਾ ਹੈ ਕਿ ਭਾਈ ਸੁੱਖਾ ਸਿੰਘ ਮਾੜੀ ਕੰਬੋ ਕੀ ਦਿਨ-ਦੀਵੀਂ ਕਿਸੇ ਤਰ੍ਹਾਂ ਇਸ਼ਨਾਨ ਕਰ ਕੇ ਗਏ :

**ਸੁੱਖਾ ਸਿੰਘ ਤਬ ਯੌ ਕਹਯੋ ਰਾਤ ਨ੍ਹਾਉਂ ਤਬ ਚੋਰ।**
**ਨਾਵੈਂਗੇ ਮੈਂ ਦਿਨ ਬਿਖੈ, ਸ੍ਰੀ ਸਤਿਗੁਰ ਕੇ ਜ਼ੋਰ।**

ਇਕ ਹੋਰ ਘਟਨਾ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਨਾਲ ਸਬੰਧਿਤ ਇਸ ਤਰ੍ਹਾਂ ਹੈ :

ਇਹ ਦੋਵੇਂ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਕਰ ਕੇ ਸ਼ਹਿਰ ਤੋਂ ਬਾਹਰ ਛਿਪਦੇ-ਛਿਪਾਉਂਦੇ ਜਾ ਰਹੇ ਸਨ ਕਿ ਕਿਸੇ ਨੇ ਮਿਹਣਾ ਮਾਰਿਆ, "ਇਹ ਸਿੰਘ ਨਹੀਂ ਜਾਪਦੇ! ਸਿੰਘ ਹੁੰਦੇ ਤੇ ਲੁਕਦੇ-ਛਿਪਦੇ ਕਿਉਂ?

ਇਹ ਮਿਹਣਾ ਸੁਣ ਕੇ ਉਨ੍ਹਾਂ ਅੰਦਰ ਚੜ੍ਹਦੀ ਕਲਾ ਵਾਲਾ ਜਜ਼ਬਾ ਜਾਗਿਆ ਤੇ ਉਨ੍ਹਾਂ ਨੂਰ ਦੀਂ ਸਰਾਂ ਕੋਲ ਸੜਕ ਉੱਤੇ ਖੜ੍ਹੇ ਹੋ ਕੇ ਮਸੂਲ ਵਸੂਲਣਾ ਸ਼ੁਰੂ ਕਰ ਦਿੱਤਾ ਤੇ ਲਾਹੌਰ ਦੇ ਸੂਬੇਦਾਰ ਨੂੰ ਇਉਂ ਚਿੱਠੀ ਲਿਖੀ :

**'ਚਿੱਠੀ ਸੁਨਹੋ ਖਾਨੂ ਕੋਤਾ। ਆਨਾ ਗੱਡਾ ਪੈਸਾ ਖੋਤਾ।**
**ਏਹੁ ਜਗਾਤ ਲੇਤ ਸਿੰਘ ਬੋਤਾ।**
**ਹੱਥ ਮੈਂ ਰਾਖਤ ਸੋਟਾ ਮੋਟਾ।**
**ਤੇਰਾ ਆਕਬਤ ਕਰਹੈਂ ਖੋਟਾ।**
**ਮੇਰਾ ਕਹੀ ਸੁਨੇਹਾ ਜਾਇ।**
**ਭਾਬੀ ਖਾਨੋ ਨੂ ਸਮਝਾਇ।**
**ਤੇਰਾ ਯਾਰ ਸਿੰਘ ਜੋ ਬੋਤਾ।**
**ਤੈਨੂੰ ਰਿਹਾ ਉਡੀਕ ਖੜੋਤਾ।**
**ਆਇ ਸਰਾਇ ਨੂਰ ਦੀਂ ਪਾਸ।**
**ਤੂੰ ਜੋਤਾ ਲਗਵਾ ਲੈ ਖਾਸ।'** (ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ)

ਇਸ ਤਰ੍ਹਾਂ ਕਹਿਣਾ ਸਰਕਾਰ ਨੂੰ ਵੰਗਾਰਨਾ ਹੀ ਤਾਂ ਸੀ!

ਪੂਰੀ ਸਖਤੀ ਦੇ ਬਾਵਜੂਦ ਜਦੋਂ ਵੀ ਮੌਕਾ ਮਿਲਦਾ, ਸਿੰਘ ਜੰਗਲਾਂ-ਪਹਾੜਾਂ 'ਚੋਂ ਨਿਕਲਦੇ, ਲੁੱਟ-ਮਾਰ ਕਰਦੇ ਲੋੜ ਦੀਆਂ ਚੀਜ਼ਾਂ-ਵਸਤਾਂ ਲੈ ਜਾਂਦੇ। ਯਕਰੀਆ ਖਾਂ ਹੈਰਾਨ ਸੀ ਤੇ ਗੁੱਸੇ ਵੀ ਕਿ ਅਸੀਂ ਇਨ੍ਹਾਂ ਦਾ ਖੁਰਾ-ਖੋਜ ਮੁਕਾਉਣ 'ਤੇ ਤੁਲੇ ਹੋਏ ਹਾਂ ਪਰ ਇਹ ਭੁੱਖੇ-ਤਿਹਾਏ ਰਹਿ ਕੇ ਪਾਟੇ ਲੀੜੇ ਪਾ ਕੇ ਵੀ ਸਾਨੂੰ ਚੈਨ ਨਹੀਂ ਲੈਣ ਦਿੰਦੇ। ਇਸ ਦਾ ਵਰਣਨ 'ਪੰਥ-ਪ੍ਰਕਾਸ਼' ਵਿਚ ਇਉਂ ਕੀਤਾ ਗਿਆ ਹੈ :

**'ਢਿੱਡਾ ਜੈਸਾ ਟਟੂਆ ਔ ਜੁਲੜੂ ਕੀ ਕਾਠੀ ਪਾਇ,**
**ਰਸੜੂ ਲਗਾਮ ਤੇ ਰਸੜੂ ਰਕਾਬ ਜੂ।**
**ਪਾਟਿਆ ਸਾ ਕਛੜੂ ਤੇ ਨੀਲੜੂ ਸਾ ਚਾਦਰੂ,**
**ਝੁਚੋ ਜੈਸਾ ਪਗੜੂ, ਬਨਾਯਾ ਸਿਰਤਾਜ ਜੂ।**
**ਟੁੱਟਿਆ ਜੈਸਾ ਤੰਗੜੂ ਤੇ ਲੀਰੜੂ ਮਿਆਨ ਜਾ ਕੋ,**
**ਗਠ-ਗਠ ਗਾਤਰਾ ਬਣਾਇਆ ਸਭ ਸਾਜ ਜੂ।**
**ਨਾਮ ਹੈ ਅਕਾਲੜੂ, ਸੋ ਫਿਰੈ ਬੁਰੇ ਹਾਲੜੂ,**
**ਸੋ ਲੁੱਟ-ਕੁੱਟ ਖਾਣਵੇ ਕੋ, ਡਾਢੇ ਉਸਤਾਦ ਜੂ।'**

ਇਸ ਤਰ੍ਹਾਂ ਦੁੱਖ ਭੁੱਖ ਸਹਿ ਕੇ ਵੀ ਸਿੰਘ ਚੜ੍ਹਦੀ ਕਲਾ 'ਚ ਰਹਿੰਦੇ ਸਨ ਤੇ ਧਾਰਮਕ ਤੇ ਰਾਜਸੀ ਆਜ਼ਾਦੀ ਲਈ ਸੰਗਰਾਮ ਕਰਦੇ, ਯਤਨਸ਼ੀਲ ਰਹਿੰਦੇ ਸਨ। ਹਾਲਤ ਇਹ ਸੀ ਕਿ ਦਿੱਲੀ ਤੇ ਪੰਜਾਬ ਦੀਆਂ ਸਰਕਾਰਾਂ ਇਕ ਪਾਸੇ ਤੇ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਝੋਲੀ-ਚੁਕ ਵੀ ਸਿੰਘਾਂ ਨੂੰ ਖਤਮ ਕਰਨ 'ਤੇ ਤੁਲੇ ਹੋਏ ਸਨ ਪਰ ਸਿੰਘ ਸਦਾ ਆਤਮਕ ਤੌਰ 'ਤੇ ਚੜ੍ਹਦੀ ਕਲਾ ਵਿਚ ਰਹਿੰਦੇ ਤੇ ਅਰਦਾਸਾਂ ਕਰਦੇ ਸਨ, 'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ ਬਾਲੇ, ਬੋਲਣਾ ਜੀ ਸ੍ਰੀ ਵਾਹਿਗੁਰੂ।" ਖਾਲਸਾ ਜੀ ਸਾਹਿਬ 'ਤੇ 'ਖਾਲਸਾ ਜੀ ਕੇ ਬੋਲ ਬਾਲੇ' ਵਾਕੰਸ਼ ਖਾਲਸੇ ਦੀ ਚੜ੍ਹਦੀ ਕਲਾ ਦੇ ਪ੍ਰਤੱਖ ਸਬੂਤ ਹੀ ਤਾਂ ਹਨ!

ਸਮੇਂ-ਸਮੇਂ ਸਰਕਾਰਾਂ ਖਾਲਸੇ ਦੀ ਚੜ੍ਹਦੀ ਕਲਾ ਦੇ ਨਜ਼ਾਰੇ ਵੇਖ ਕੇ, ਖਾਲਸੇ ਨਾਲ ਸਮਝੌਤੇ ਵੀ ਕਰਦੀਆਂ ਰਹੀਆਂ ਹਨ। ਅਜਿਹਾ ਹੀ ਇਕ ਸਮਝੌਤਾ ਕਰਨ ਲਈ ੧੭੪੯ ਈ. ਵਿਚ ਅਦੀਨਾ ਬੇਗ ਫੌਜਦਾਰ ਜਲੰਧਰ ਨੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਪਰ ਪਤਾ ਲੱਗ ਗਿਆ ਕਿ ਸਮਝੌਤੇ ਦੀ ਆੜ ਵਿਚ ਸਰਕਾਰ ਦੀ ਬੇਈਮਾਨੀ ਲੁਕੀ ਹੋਈ ਹੈ, ਤਾਂ ਸਰਦਾਰ ਆਹਲੂਵਾਲੀਆ ਨੇ ਅਦੀਨਾ ਬੇਗ ਨੂੰ ਲਿਖਿਆ "ਮੁਲਾਕਾਤ ਤਾਂ ਹਮਰੀ ਤੁਮਾਰੀ ਲੜਾਈ ਮੇਂ ਹੀ ਹੋਵੇਗੀ। ਔਰ ਜੋਨ ਸੇ ਹਥਿਆਰ ਉਹਾਂ ਛੂਟੇਂਗੇ, ਸੋਈ ਦਿਲ ਕੀ ਬਾਤਾਂ ਜ਼ਾਹਰ ਹੋਵੇਂਗੀਆਂ।" ਇਸ ਵਰਣਨ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦੀ ਸੰਖੇਪ ਜਿਹੀ ਝਲਕ ਜ਼ਰੂਰ ਮਿਲ ਜਾਂਦੀ ਹੈ। ਦੇਸ਼ ਭਗਤ ਸੂਰਮੇ ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਸਿੰਘਾਂ ਅੰਦਰ ਚੜ੍ਹਦੀ ਕਲਾ ਵਾਲੀ ਭਾਵਨਾ ਸਦਾ ਹੀ ਬਣੀ ਰਹੇ। ਇਸ ਲਈ ਆਪਣੇ ਯੁੱਧ-ਵਿੱਦਿਆ ਦੇ ਅਭਿਆਸ ਨੂੰ ਸਦਾ ਲਈ ਜਾਰੀ ਰੱਖਣ ਵਾਸਤੇ 'ਹੋਲਾ ਮਹੱਲਾ' ਮਨਾਉਣ ਦੀ ਰੀਤ ਤੋਰੀ।

ਸਿੱਖ ਵਿਦਵਾਨ ਭਾਈ ਵੀਰ ਸਿੰਘ ਜੀ ਨੇ ਮਹੱਲਾ ਸ਼ਬਦ ਨੂੰ 'ਮਯ ਹੱਲਾ' ਭਾਵ ਬਨਾਵਟੀ ਹੱਲਾ ਕਿਹਾ ਹੈ। ਇਸੇ ਤਰ੍ਹਾਂ ਭਾਈ ਕਾਨ੍ਹ ਸਿੰਘ ਜੀ ਕਰਤਾ 'ਮਹਾਨ ਕੋਸ਼' ਨੇ ਵੀ ਲਿਖਿਆ ਹੈ, "ਹੋਲਾ ਮਹੱਲਾ' ਇਕ ਬਨਾਵਟੀ



ਹੱਲਾ ਹੁੰਦਾ ਹੈ। ਇਸ ਵਿਚ ਪੈਦਲ ਤੇ ਸਵਾਰ ਸ਼ਸਤਰਧਾਰੀ ਸਿੰਘ ਦੋ ਪਾਰਟੀਆਂ ਬਣਾ ਕੇ ਇਕ ਖਾਸ ਥਾਂ ਉੱਤੇ ਹੱਲਾ ਕਰਦੇ ਹਨ। (ਗੁਰਮਤਿ ਪ੍ਰਭਾਕਰ, ਪੰਨਾ ੫੦੭)

ਪਰ ਹੋਲੀ ਇਕ ਮੌਸਮੀ ਤਿਉਹਾਰ ਹੈ। ਸਰਦੀਆਂ ਮੁੱਕਣ 'ਤੇ ਜਦੋਂ ਖੁਲ੍ਹਾ ਮੌਸਮ ਆ ਜਾਂਦਾ ਹੈ, ਨਾ ਸਰਦੀ ਹੁੰਦੀ ਹੈ, ਨਾ ਗਰਮੀ ਤਾਂ ਲੋਕ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਨ ਲਈ ਨੱਚਦੇ-ਟੱਪਦੇ, ਹੱਸਦੇ-ਖੇਡਦੇ ਤੇ ਗਾਉਂਦੇ ਹਨ। ਬਨਸਪਤੀ ਮੌਲੀ ਹੁੰਦੀ ਹੈ। ਰੁੱਖ-ਬਿਰਖ ਹਰੇ ਤੇ ਖਿੜੇ ਹੁੰਦੇ ਹਨ। ਕੁਦਰਤ ਦੀ ਤਰ੍ਹਾਂ ਮਨੁੱਖ ਵੀ ਖ਼ੁਸ਼ੀ ਵਿਚ ਸਾਮਿਲ ਹੁੰਦੇ ਹਨ ਤੇ ਇਕ ਦੂਜੇ 'ਤੇ ਰੰਗ-ਗੁਲਾਲ ਆਦਿ ਸੁੱਟਦੇ ਹਨ। ਫੱਗਣ ਸੁਦੀ ੧੧ ਤੋਂ ੧੫ ਤਕ ਫਾਗ ਭਾਵ ਹੋਲੀ ਖੇਡੀ ਜਾਂਦੀ ਹੈ। ਦਸਵੇਂ ਪਾਤਸ਼ਾਹ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਅਤਰ ਤੇ ਗੁਲਾਲ ਨਾਲ ਹੋਲੀ ਖੇਡੀ ਜਾਂਦੀ ਸੀ। ਸਿੰਘਾਂ ਅੰਦਰ ਚੜ੍ਹਦੀ ਕਲਾ ਦੀ ਭਾਵਨਾ ਉਜਾਗਰ ਕਰਨ ਲਈ ਯੁੱਧ-ਵਿੱਦਿਆ ਦੇ ਅਭਿਆਸ ਨੂੰ ਕਾਇਮ ਰੱਖਣਾ ਜ਼ਰੂਰੀ ਸਮਝਿਆ ਗਿਆ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਨਵੇਂ ਢੰਗ ਨਾਲ ਸਿੰਘਾਂ ਅੰਦਰ ਹੋਲਾ-ਮਹੱਲਾ ਮਨਾਉਣ ਦਾ ਰਿਵਾਜ਼ ਸ਼ੁਰੂ ਕੀਤਾ। ਖਾਲਸਾ ਸਾਜਣ ਪਿੱਛੋਂ ਆਪ ਨੇ ਸੰਮਤ ੧੭੫੭ ਚੇਤ ਵਦੀ ਏਕਮ ਨੂੰ ਇਕ ਨਵਾਂ ਸਥਾਨ 'ਹੋਲਗੜ੍ਹ' ਰਚ ਕੇ ਹੋਲਾ ਮਹੱਲਾ ਖੇਡਣ ਦੀ ਨਵੀਂ ਰੀਤ ਚਲਾਈ। ਦੋ ਜਥੇ ਬਣਾ ਕੇ ਇਕ ਨੂੰ ਹੋਲਗੜ੍ਹ 'ਤੇ ਕਬਜ਼ਾ ਕਰ ਕੇ ਮੋਰਚਾ ਕਾਇਮ ਕਰਨ ਲਈ ਕਹਿ ਦਿੱਤਾ ਗਿਆ। ਦੂਸਰੇ ਜੱਥੇ ਨੂੰ ਹੋਲਗੜ੍ਹ ਉੱਤੇ ਚੜ੍ਹਾਈ ਕਰਨ ਦੇ ਹੁਕਮ ਦੇ ਦਿੱਤੇ ਗਏ। ਡੇਢ ਪਹਿਰ ਦੋਹਾਂ ਪਾਸਿਆਂ ਤੋਂ ਘਮਸਾਣ ਦਾ ਯੁੱਧ ਹੋਇਆ। ਤੀਰ ਤੇ ਗੋਲੀ ਚਲਾਉਣ ਦੀ ਮਨਾਹੀ ਸੀ ਕਿਉਂਕਿ ਦੋਵੇਂ ਪਾਸੇ ਖਾਲਸਈ ਫੌਜਾਂ ਸਨ।

ਦੋਹਾਂ ਫੌਜਾਂ ਵਿਚ ਅੰਤਰ ਰੱਖਣ ਲਈ ਹੋਲਗੜ੍ਹ 'ਤੇ ਕਾਬਜ਼ ਜਥੇ ਦੇ ਬਸਤਰ ਚਿੱਟੇ ਸਨ ਤੇ ਦੂਸਰੇ ਦਲ ਦੇ ਹਲਕੇ ਕੇਸਰੀ। ਅੰਤ ਬੜੇ ਯਤਨਾਂ ਨਾਲ ਤੇ ਲੜਾਈ ਦੇ ਦਾਅ-ਪੇਚਾਂ ਅਨੁਸਾਰ ਅੱਗੇ ਵਧਦੀ ਹੋਈ, ਕੇਸਰੀ ਪੁਸ਼ਾਕਿਆਂ ਵਾਲੀ ਸੈਨਾ ਨੇ ਹੋਲਗੜ੍ਹ 'ਤੇ ਕਬਜ਼ਾ ਕਰ ਲਿਆ। ਉਸ ਦਿਨ ਪੰਜ ਹਜ਼ਾਰ ਦਾ ਕੜਾਹ ਪ੍ਰਸ਼ਾਦ ਚਾਦਰਿਆਂ ਉੱਤੇ ਰਖਾ ਦਿੱਤਾ ਗਿਆ ਜੋ ਸਿੰਘਾਂ ਨੇ ਰੱਜ-ਰੱਜ ਕੇ ਛਕਿਆ ਤੇ ਖੁਸ਼ੀਆਂ ਮਨਾਈਆਂ।

ਅੱਜ ਵੀ ਹੋਲੇ-ਮਹੱਲੇ ਦਾ ਰਿਵਾਜ਼ ਸਿੰਘਾਂ ਵਿਚ ਉਸੇ ਤਰ੍ਹਾਂ ਚਲਿਆ ਆਉਂਦਾ ਹੈ। ਆਨੰਦਪੁਰ ਸਾਹਿਬ ਤੋਂ ਛੁੱਟ ਅੰਮ੍ਰਿਤਸਰ ਵਿਚ ਵੀ ਨਿਸ਼ਾਨ ਸਾਹਿਬ ਦੀ ਤਾਬਿਆ, ਅਕਾਲ ਤਖ਼ਤ ਸਾਹਿਬ ਤੋਂ ਮਹੱਲਾ ਚੜ੍ਹਦਾ ਹੈ ਜੋ ਸ਼ਹਿਰ ਦੀ ਪ੍ਰਕਰਮਾਂ ਕਰਦਾ ਹੋਇਆ, ਬੁਰਜ ਬਾਬਾ ਫੂਲਾ ਸਿੰਘ ਵਿਖੇ ਸਮਾਪਤ ਹੁੰਦਾ ਹੈ। ਇਸ ਮਹੱਲੇ ਵਿਚ ਕਈ ਪ੍ਰਕਾਰ ਦੇ ਸਰੀਰਕ ਕਰਤਬ ਦਿਖਾਉਣ ਵਾਲੇ ਜਥੇ, ਘੋੜ ਸਵਾਰ ਨਿਹੰਗ, ਗਤਕਾ ਪਾਰਟੀਆਂ, ਮੋਟਰ ਸਾਈਕਲ ਤੇ ਸਕੂਟਰ ਸਵਾਰ ਨੌਜਵਾਨ ਅਤੇ ਬੈਂਡ ਪਾਰਟੀਆਂ, ਇਸਤਰੀ ਜਥੇ, ਸਿੰਘ ਸਭਾਵਾਂ ਤੇ ਹੋਰ ਸਭਾ-ਸੁਸਾਇਟੀਆਂ ਅਤੇ ਸੰਗਤਾਂ ਸ਼ਾਮਿਲ ਹੁੰਦੀਆਂ ਹਨ। ਇਸ ਤੋਂ ਛੁੱਟ ਸਥਾਨਕ ਤੌਰ 'ਤੇ ਕਈ ਸ਼ਹਿਰਾਂ, ਨਗਰਾਂ ਤੇ ਪਿੰਡਾਂ ਵਿਚ ਵੀ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਹੋਲਾ ਮਹੱਲਾ ਖਾਲਸੇ ਦੀ ਸਦਾ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ**

# ਹੋਲੀ ਤੋਂ ਹੋਲਾ-ਮਹੱਲਾ

ਸ. ਸੁਖਦੇਵ ਸਿੰਘ ਸ਼ਾਂਤ




ਹੋਲੀ ਦੇ ਤਿਉਹਾਰ ਦਾ ਆਧਾਰ ਮਹਾਂਭਾਰਤ ਅਤੇ ਪੁਰਾਣਾਂ ਵਿਚ ਹਰਨਾਖਸ਼ ਅਤੇ ਉਸ ਦੇ ਪੁੱਤਰ ਪ੍ਰਹਿਲਾਦ ਨਾਲ ਸੰਬੰਧਤ ਇਕ ਕਥਾ ਹੈ। ਇਸ ਪੌਰਾਣਿਕ ਕਥਾ ਅਨੁਸਾਰ ਪ੍ਰਹਿਲਾਦ ਪ੍ਰਭੂ ਦਾ ਇਕ ਭਗਤ ਸੀ। ਬਚਪਨ ਵਿਚ ਹੀ ਪ੍ਰਭੂ ਦਾ ਨਾਮ ਉਸ ਦੇ ਮਨ ਵਿਚ ਤੇ ਜੀਭ 'ਤੇ ਹਰ ਵੇਲੇ ਰਹਿੰਦਾ ਸੀ। ਉਸ ਦਾ ਪਿਉ ਬਹੁਤ ਸ਼ਕਤੀਸ਼ਾਲੀ ਸੀ ਅਤੇ ਮੌਤ ਤੋਂ ਬਚਣ ਦੇ ਕਈ ਤਥਾ ਕਥਿਤ ਵਰ ਪ੍ਰਾਪਤ ਕਰ ਚੁੱਕਾ ਸੀ। ਉਹ ਚਾਹੁੰਦਾ ਸੀ ਕਿ ਪ੍ਰਹਿਲਾਦ ਉਸ ਦਾ ਹੀ ਨਾਮ ਜਪੇ। ਪ੍ਰਭੂ ਦਾ ਨਾਮ ਜਪਣਾ ਉਸ ਨੂੰ ਪ੍ਰਵਾਨ ਨਹੀਂ ਸੀ। ਉਸ ਨੇ ਪ੍ਰਹਿਲਾਦ ਨੂੰ ਕਈ ਤਰ੍ਹਾਂ ਨਾਲ ਤਸੀਹੇ ਦੇਣ ਅਤੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਪ੍ਰਹਿਲਾਦ ਭਗਤ, ਪ੍ਰਭੂ ਦੀ ਭਗਤੀ ਸਦਕਾ ਹਰ ਵਾਰ ਸਲਾਮਤ ਰਿਹਾ। ਆਖਰਕਾਰ ਕਾਲ ਨੇ ਪ੍ਰਹਿਲਾਦ ਦੇ ਪਿਤਾ ਨੂੰ ਸਾਰੇ ਤਥਾਕਥਿਤ ਵਰਾਂ ਦੇ ਬਾਵਜੂਦ ਆ ਦਬੋਚਿਆ। ਪ੍ਰਹਿਲਾਦ ਭਗਤ ਦੀ ਭੂਆ ਹੋਲਿਕਾ ਵੀ ਅੱਗ ਦੁਆਰਾ ਨਾ ਸੜਨ ਦੇ ਤਥਾਕਥਿਤ ਵਰਾਂ ਦੇ ਬਾਵਜੂਦ ਖਤਮ ਹੋ ਗਈ ਪਰ ਪ੍ਰਹਿਲਾਦ ਨੂੰ ਕੁਝ ਨਾ ਹੋਇਆ।

ਸ੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿਚ ਇਸ ਕਥਾ ਨੂੰ ਸੰਕੇਤਕ ਰੂਪ ਵਿਚ ਬਿਆਨ ਕਰਦੇ ਹੋਏ ਸਿੱਟਾ ਕੱਢਦੇ ਹਨ :

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥**
**ਹਰਣਾਖਸੁ ਦੁਸਟੁ ਹਰਿ ਮਾਰਿਆ**
**ਪ੍ਰਹਲਾਦੁ ਤਰਾਇਆ ॥**

(ਪੰਨਾ ੪੫੧)

ਸ੍ਰੀ ਗੁਰੂ ਅਮਰਦਾਸ ਜੀ ਦਾ ਇਸ ਕਥਾ ਸੰਬੰਧੀ ਪਵਿੱਤਰ ਫੁਰਮਾਨ ਹੈ :

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ**
**ਰਖਦਾ ਆਇਆ ॥**
**ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ॥**

(ਪੰਨਾ ੬੩੭)

ਭਗਤ ਪ੍ਰਹਿਲਾਦ ਨਾਲ ਸੰਬੰਧਿਤ ਇਹ ਕਥਾ ਸਾਨੂੰ ਕੁਝ ਸਿੱਖਿਆ ਦਿੰਦੀ ਹੈ –

੧. ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਵੀ ਹਸਤੀ ਮੌਤ ਤੋਂ ਰਹਿਤ ਨਹੀਂ ਹੈ। ਹਰਨਾਖਸ਼ ਜਾਂ ਹੋਲਿਕਾ ਆਦਿ ਤਥਾ-ਕਥਿਤ ਸ਼ਕਤੀਆਂ ਜਾਂ ਵਰ

ਪ੍ਰਾਪਤ ਕਰਨ ਦੇ ਬਾਵਜੂਦ ਵੀ ਮੌਤ ਤੋਂ ਨਹੀਂ ਬਚ ਸਕੇ।

੨. ਅਕਾਲ ਪੁਰਖ ਸਦਾ ਆਪਣੇ ਭਗਤਾਂ ਦੀ ਪੈਜ ਰੱਖਦਾ ਹੈ। ਪ੍ਰਹਿਲਾਦ ਭਗਤ ਦੀ ਪੈਜ ਉਸ ਨੇ ਆਪਣੇ ਇਸ ਗੁਣ ਸਦਕਾ ਹੀ ਰੱਖੀ।

੩. ਭਗਤੀ ਅਤੇ ਸੱਚ ਦੇ ਰਸਤੇ 'ਤੇ ਤੁਰਨ ਲਈ ਦ੍ਰਿੜ੍ਹਤਾ, ਦਲੇਰੀ ਅਤੇ ਅਟੱਲ ਵਿਸ਼ਵਾਸ ਦੀ ਜ਼ਰੂਰਤ ਹੈ। ਇਸ ਰਸਤੇ 'ਤੇ ਤੁਰਨ ਵਾਲਿਆਂ ਨੂੰ ਡਰ, ਲਾਲਚ ਅਤੇ ਦੁੱਖ ਨਹੀਂ ਰੋਕ ਸਕਦੇ।

ਭਗਤ ਪ੍ਰਹਿਲਾਦ ਨੇ ਆਪਣੀ ਦ੍ਰਿੜ੍ਹ ਭਗਤੀ ਰਾਹੀਂ ਬੜੀ ਦਲੇਰੀ ਨਾਲ ਮੁਸੀਬਤਾਂ ਦਾ ਸਾਹਮਣਾ ਕੀਤਾ ਪਰ ਭਗਤੀ ਦੇ ਰਸਤੇ 'ਤੇ ਚੱਲਣ ਵਿਚ ਕੋਈ ਰੁਕਾਵਟ ਮਨਜ਼ੂਰ ਨਹੀਂ ਕੀਤੀ। ਇਸੇ ਦ੍ਰਿੜ੍ਹਤਾ ਅਤੇ ਅਟੱਲ ਵਿਸ਼ਵਾਸ ਨੂੰ ਇਕ ਆਦਰਸ਼ ਮੰਨਦੇ ਹੋਏ ਭਗਤ ਕਬੀਰ ਜੀ ਨੇ ਫੁਰਮਾਇਆ:

**ਰਾਮ ਜਪਉ ਜੀਅ ਐਸੇ ਐਸੇ॥**
**ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥**

**(ਪੰਨਾ ੩੩੭)**

ਇਹ ਇਕ ਸਤਿਕਾਰ ਹੈ, ਜੋ ਭਗਤ ਕਬੀਰ ਜੀ ਨੇ ਪ੍ਰਹਿਲਾਦ ਅਤੇ ਧਰੂ ਭਗਤ ਨੂੰ ਦਿੱਤਾ ਹੈ। ਕਿੰਨੀ ਵੱਡੀ ਗੱਲ ਹੈ ਕਿ ਜੇ ਪ੍ਰਭੂ ਦਾ ਨਾਮ ਜਪਣਾ ਹੈ ਤਾਂ ਉਸ ਤਰ੍ਹਾਂ ਜਪੋ ਜਿਵੇਂ ਧਰੂ ਅਤੇ ਪ੍ਰਹਿਲਾਦ ਨੇ ਜਪਿਆ ਸੀ! ਕਿਸੇ ਸ਼ਖਸੀਅਤ ਦਾ ਆਦਰਸ਼ ਬਣ ਜਾਣਾ, ਉਦਾਹਰਣ ਬਣ ਜਾਣਾ ਜਾਂ ਮਾਡਲ ਬਣ ਜਾਣਾ, ਦੂਜੇ ਅਰਥਾਂ ਵਿਚ ਇਕ ਇਤਿਹਾਸ ਬਣ ਜਾਣਾ ਹੀ ਤਾਂ ਹੈ!

ਹੋਲੀ ਦੇ ਤਿਉਹਾਰ ਦਾ ਆਧਾਰ ਕਿੰਨਾ ਪਵਿੱਤਰ ਤੇ ਕਿੰਨਾ ਵੱਡਾ ਹੈ! ਇਸ ਤਿਉਹਾਰ ਨੂੰ 'ਰੰਗਾਂ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਰੰਗ ਪਾਉਣ ਜਾਂ ਰੰਗ ਡੋਲ੍ਹਣਾ ਖੁਸ਼ੀ ਪ੍ਰਗਟ ਕਰਨ ਦਾ ਪ੍ਰਤੀਕ ਮੰਨੇ ਜਾਂਦੇ ਹਨ। ਖੁਸ਼ੀ ਦਾ ਆਧਾਰ ਕੀ ਹੈ? ਖੁਸ਼ੀ ਦਾ ਆਧਾਰ ਇਹ ਹੈ ਕਿ ਭਗਤੀ ਅਤੇ ਸੱਚਾਈ ਦੀ ਜਿੱਤ ਹੋਈ ਹੈ ਅਤੇ ਦੁਸ਼ਟਾਂ ਦਾ ਖਾਤਮਾ ਹੋਇਆ ਹੈ। ਖੁਸ਼ੀ ਮਨਾਉਣ ਦਾ ਲਾਭ ਤਾਂ ਹੀ ਹੈ, ਜੇ ਮਨਾਉਣ ਵਾਲਿਆਂ ਦੇ ਮਨਾਂ ਵਿਚ ਭਗਤੀ ਅਤੇ ਸੱਚਾਈ ਦੇ ਗੁਣਾਂ ਦਾ ਪ੍ਰਵੇਸ਼ ਹੋਵੇ।

ਗੁਰੂ ਸਾਹਿਬਾਨ ਨੇ ਰੰਗਾਂ ਨੂੰ ਪ੍ਰਤੀਕ ਵਜੋਂ ਖੂਬ ਵਰਤਿਆ ਹੈ। ਇਕ ਰੰਗ ਕਸੁੰਭੜੇ ਦਾ ਹੈ ਅਤੇ ਦੂਜਾ ਮਜੀਠ ਦਾ। ਕਸੁੰਭੜੇ ਦਾ ਰੰਗ ਵੇਖਣ ਨੂੰ ਲਾਲ ਸੂਹਾ ਹੈ, ਅੱਖਾਂ ਨੂੰ ਭਾਉਂਦਾ ਹੈ ਅਤੇ ਅੱਗ ਦੀ ਲਾਟ ਵਰਗਾ ਹੈ। ਪਰ ਇਸ ਵਿਚ ਕਮੀ ਇਹ ਹੈ ਕਿ ਛੇਤੀ ਹੀ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਉਤਰ ਜਾਂਦਾ ਹੈ। ਇਹ ਕੱਚਾ ਰੰਗ ਹੈ। ਗੁਰੂ ਸਾਹਿਬਾਨ ਇਸ ਰੰਗ ਨੂੰ ਮਾਇਆ ਦੇ ਰੰਗ ਵਜੋਂ ਬਿਆਨ ਕਰਦੇ ਹਨ। ਮਾਇਆ ਦੀ ਖਿੱਚ ਬਹੁਤ ਸੁਹਾਵਣੀ ਹੈ। ਮਜੀਠ ਵੇਲ ਦਾ ਰੰਗ ਵੀ ਲਾਲ ਹੈ ਪਰ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਇਹ ਉਤਰਦਾ ਨਹੀਂ। ਇਹ ਪੱਕਾ ਰੰਗ ਹੈ। ਗੁਰੂ ਸਾਹਿਬਾਨ ਇਸ ਨੂੰ ਨਾਮ ਦਾ ਰੰਗ ਕਹਿੰਦੇ ਹਨ। ਹੁਣ ਜੇ ਰੰਗ ਚੁਣਨਾ ਹੀ ਹੈ ਤਾਂ ਕਿਉਂ ਨਾ ਮਜੀਠ ਦਾ ਰੰਗ ਵਰਤਿਆ ਜਾਵੇ? ਗੁਰਬਾਣੀ ਹੋਲੀ ਨੂੰ ਮਨਾਉਣ ਦਾ ਅਸਲ ਮਕਸਦ ਬਿਆਨ ਕਰਦੀ ਹੈ। ਭਗਤ ਲੋਕ ਜਾਂ ਗੁਰੂ ਦੇ ਪਿਆਰੇ ਕਿਵੇਂ ਹੋਲੀ ਮਨਾਉਂਦੇ ਹਨ? ਇਸ ਦਾ ਉੱਤਰ ਦਿੰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ, ਫਾਗ ਅਤੇ ਹੋਲੀ ਤਿੰਨਾਂ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਫ਼ੁਰਮਾਉਂਦੇ ਹਨ:

**ਆਜੁ ਹਮਾਰੈ ਗ੍ਰਿਹਿ ਬਸੰਤ॥**
**ਗੁਨ ਗਾਏ ਪ੍ਰਭ ਤੁਮ ਬੇਅੰਤ॥**
**ਆਜੁ ਹਮਾਰੈ ਬਨੇ ਫਾਗ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ॥**
**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥**
**ਮਨੁ ਤਨੁ ਮਉਲਿਓ ਅਤਿ ਅਨੂਪ॥**
**ਸੂਕੈ ਨਾਹੀ ਛਾਵ ਧੂਪ॥**
**ਸਗਲੀ ਰੂਤੀ ਹਰਿਆ ਹੋਇ॥**
**ਸਦ ਬਸੰਤ ਗੁਰ ਮਿਲੇ ਦੇਵ॥**

**(ਪੰਨਾ ੧੧੮੦)**

ਬਸੰਤ, ਫਾਗ ਜਾਂ ਹੋਲੀ ਕੁਝ ਵੀ ਹੋਵੇ, ਪ੍ਰਭੂ ਦੀ ਭਗਤੀ ਕਰਕੇ ਹੀ ਅਸਲ ਖੁਸ਼ੀ ਪ੍ਰਾਪਤ ਹੁੰਦੀ ਹੈ। ਸੋ ਹੋਲੀ ਮਨਾਉਂਦਿਆਂ ਉਸ ਪ੍ਰਭੂ ਨੂੰ ਯਾਦ ਕੀਤਾ ਜਾਵੇ, ਜਿਸ ਦੀ ਮਿਹਰ ਸਦਕਾ ਇਹ ਸਾਰੀ ਖੁਸ਼ੀ ਪ੍ਰਾਪਤ ਹੋਈ ਹੈ। ਜਿਸ ਢੰਗ ਨਾਲ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਖ਼ਤਰਨਾਕ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸਾਰਾ ਕੁਝ ਸਿਹਤ ਅਤੇ ਆਲੇ-ਦੁਆਲੇ ਦੇ ਵਾਤਾਵਰਨ ਲਈ ਬਹੁਤ ਹਾਨੀਕਾਰਕ ਹੈ।


ਖ਼ਤਰਨਾਕ ਰੰਗਾਂ ਕਰਕੇ ਕਈਆਂ ਦੀਆਂ ਅੱਖਾਂ ਦਾ ਨੁਕਸਾਨ ਹੋ ਜਾਂਦਾ ਹੈ। ਬੇਹੂਦਾ ਸ਼ੋਰ ਅਤੇ ਧੂਮ-ਧੜੱਕਾ ਸ਼ਾਂਤੀ ਨੂੰ ਭੰਗ ਕਰਦਾ ਹੈ ਅਤੇ ਸ਼ੋਰ ਪ੍ਰਦੂਸ਼ਣ ਵਿਚ ਭਾਰੀ ਵਾਧਾ ਕਰਦਾ ਹੈ। ਅਸ਼ਲੀਲ ਵਿਵਹਾਰ ਇਸ ਮੌਕੇ ਸਮਾਜ ਵਿਚ ਸਭਿਆਚਾਰਕ ਪ੍ਰਦੂਸ਼ਣ ਫੈਲਾਉਂਦਾ ਹੈ ਅਤੇ ਇਹ ਤਿਉਹਾਰ ਆਪਣੇ ਪਿੱਛੇ ਹਰ ਸਾਲ ਕਈ ਤਰ੍ਹਾਂ ਦੀਆਂ ਕੌੜੀਆਂ ਯਾਦਾਂ ਛੱਡ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਗ਼ਲਤ ਤਰੀਕੇ ਨਾਲ ਹੋਲੀ ਮਨਾਉਂਦਿਆਂ ਦੇਖਦੇ ਹੋਏ ਹੋਲੀ ਨੂੰ ਹੋਲਾ-ਮਹੱਲਾ ਦੇ ਰੂਪ ਵਿਚ ਮਨਾਉਣ ਦਾ ਫੈਸਲਾ ਕੀਤਾ। ਹੋਲੀ ਤੋਂ ਅਗਲੇ ਦਿਨ ਹੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਹੋਲਾ-ਮੁਹੱਲਾ ਮਨਾਉਣ ਦਾ ਸੱਦਾ ਦਿੱਤਾ। ਕਥਾ-ਕੀਰਤਨ ਰਾਹੀਂ ਪ੍ਰਭੂ-ਭਗਤੀ ਦਾ ਸੰਦੇਸ਼ ਸੰਗਤਾਂ ਨੂੰ ਦਿੱਤਾ ਗਿਆ। ਇਸ ਉਪਰੰਤ ਮਨਸੂਈ ਲੜਾਈ ਦਾ ਨਜ਼ਾਰਾ ਲੋਕਾਂ ਸਾਹਮਣੇ ਰੱਖਿਆ ਗਿਆ। ਗੁਰੂ ਸਾਹਿਬ ਨੇ ਹੋਲਾ-ਮੁਹੱਲਾ ਪੰਥਕ ਜਾਹੋ-ਜਲਾਲ 'ਚ ਮਨਾਉਣ ਵਾਸਤੇ ਹੋਲਗੜ੍ਹ ਦੀ ਰਚਨਾ ਕੀਤੀ। ਖਾਲਸਾ ਦਲ ਦੇ ਦੋ ਹਿੱਸੇ ਕੀਤੇ ਗਏ। ਇਕ ਦਲ ਸਫੈਦ ਬਸਤਰਾਂ 'ਚ ਉਥੇ ਤੈਨਾਤ ਕੀਤਾ ਜੋ ਮੋਰਚੇ ਕਾਇਮ ਕਰਕੇ ਡੱਟ ਗਿਆ। ਦੂਜਾ ਦਲ ਕੇਸਰੀ ਬਾਣੇ 'ਚ ਜਿਸ ਵਿਚ ਗੁਰੂ ਸਾਹਿਬ ਖੁਦ ਵੀ ਸ਼ਾਮਲ ਸਨ, ਹਮਲਾਵਰ ਹੋਇਆ। ਹਮਲਾਵਰ ਹੋਏ ਦਲ ਨੂੰ ਫਤਹਿ ਹਾਸਲ ਹੋਈ। ਫਤਹਿ ਦੇ ਜਸ਼ਨ ਸਾਂਝੇ ਰੂਪ 'ਚ ਮਨਾਏ ਅਤੇ ਕੜਾਹ ਪ੍ਰਸ਼ਾਦਿ ਦੇ ਗੱਫੇ ਖੁੱਲ੍ਹੇ ਵਰਤਾਏ ਗਏ।

ਇਸ ਤਿਉਹਾਰ ਨੂੰ ਸ਼ੁਰੂ ਕਰਨ ਅਤੇ ਮਨਾਉਣ ਦਾ ਇਕੋ ਇਕ ਮੰਤਵ ਸੀ ਕਿ ਗੁਰਬਾਣੀ ਦੀ ਰੋਸ਼ਨੀ ਵਿਚ ਲੋਕਾਂ ਨੂੰ ਕੱਚੇ ਰੰਗਾਂ (ਮਨਮੁਖੀ ਕਰਮਾਂ ਦੇ ਪ੍ਰਭਾਵਾਂ) ਤੋਂ ਬਚਾ ਕੇ, ਪੱਕੇ ਰੰਗਾਂ ਨਾਲ ਜੋੜਿਆ ਜਾਵੇ ਅਤੇ ਲੋਕਾਂ ਵਿਚ ਦਲੇਰੀ, ਦ੍ਰਿੜ੍ਹਤਾ, ਅਟੱਲ-ਵਿਸ਼ਵਾਸ ਵਰਗੇ ਸ਼ੁਭ ਗੁਣ ਪੈਦਾ ਕੀਤੇ ਜਾਣ। ਅੱਜ ਦੇ ਸਮੇਂ ਵਿਚ ਹੋਲੀ ਤੋਂ ਹੋਲੇ-ਮਹੱਲੇ ਦੀ ਤਬਦੀਲੀ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ, ਤਾਂ ਹੀ ਅਸੀਂ ਹੋਲੀ ਵਾਲੇ ਦਿਨ ਫੈਲਾਏ ਜਾ ਰਹੇ ਸ਼ੋਰ, ਰੰਗਾਂ, ਚਿੱਕੜਅ ਤੇਅ ਸ਼ਲੀਲਤਾਦ ੇਪ ੍ਰਦੂਸ਼ਣਤ ੋਸ ਮਾਜਨੂੰ ਬ ਚਾਕ ੇਰ ੱਖ ਸਕਦੇ ਹਾਂ।

ਕਿਸ਼ਤ-14

# ਗੁਰ ਸਾਗਰ ਦੇ ਸੁੱਚੇ ਮੋਤੀ



**ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ**
ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

**ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ 'ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ 'ਚੋਂ ਪ੍ਰਾਪਤ ਕਰ ਸਕਦੇ ਹਨ।**

**ਸੰਪਾਦਕ**

## ਸੰਤ ਬਾਬਾ ਭਾਗ ਸਿੰਘ ਜੀ

ਸੰਤ ਬਾਬਾ ਭਾਗ ਸਿੰਘ ਜੀ ਦਾ ਜਨਮ 7 ਮੱਘਰ, 1931 ਬਿਕਰਮੀ, ਨਵੰਬਰ1874 ਈਸਵੀਂ ਨੂੰ ਜ਼ਿਲ੍ਹਾ ਕਪੂਰਥਲੇ ਦੀ ਤਹਿਸੀਲ ਸੁਲਤਾਨਪੁਰ ਲੋਧੀ ਦੇ ਪਿੰਡ ਗਿੱਦੜ ਪਿੰਡੀ ਵਿੱਚ ਸ੍ਰ. ਜਵਾਹਰ ਸਿੰਘ ਜੇ ਗ੍ਰਹਿ ਵਿੱਚ ਹੋਇਆ। ਛੋਟੀ ਉਮਰ ਵਿੱਚ ਆਪ ਜੀ ਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ ਅਤੇ ਇਨ੍ਹਾਂ ਆਪਣੇ ਨਾਨਕੇ ਘਰ ਦੀ ਪਰਵਰਿਸ਼ ਪਾਈ। ਜੁਆਨ ਹੋਣ ਤੇ ਪੰਜ ਸਾਲ ਪੁਲਸ ਦੀ ਨੌਕਰੀ ਕੀਤੀ। ਨੌਕਰੀ ਵੱਲੋਂ ਦਿਲ ਉਚਾਟ ਹੋ ਗਿਆ। ਨੌਕਰੀ ਛੱਡ ਦਿੱਤੀ। ਫਿਰ ਆਪ ਆਪਣੇ ਨਾਨਕੇ ਪਿੰਡ ਠਠੇ ਟਿੱਬੇ ਆ ਗਏ। ਇੱਥੇ ਗੁਰਦੁਆਰਾ ਦਮਦਮਾ ਸਾਹਿਬ ਦੇ ਮਹੰਤ ਬਾਬਾ ਖੜਗ ਸਿੰਘ ਜੀ ਸਨ। ਉਨ੍ਹਾਂ ਦੀ ਸੰਗਤ ਮਿਲ ਗਈ, ਆਪ ਗੁਰਦੁਆਰੇ ਹੀ ਸੇਵਾ ਕਰਨ ਲੱਗ ਪਏ ਅਤੇ ਕੀਰਤਨ ਤੇ ਕਥਾ ਦਾ ਆਨੰਦ ਮਾਣਨ ਲੱਗ ਪਏ। ਭਜਨ ਸਿਮਰਨ ਦੀ ਦਿਨ-ਬ-ਦਿਨ ਚੇਟਕ ਲੱਗਦੀ ਗਈ। ਕੁੱਝ ਸਮਾਂ ਇਥੇ ਸੇਵਾ ਕਰਦਿਆਂ ਬਤੀਤ ਹੋ ਗਿਆ। ਫਿਰ ਆਪ ਜੀ ਨੂੰ ਪਤਾ ਲੱਗਾ ਕਿ ਜ਼ਿਲ੍ਹੇ ਗੁਜਰਾਤ ਵਿੱਚ ਇਕ ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਪਿੰਡ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਤੇ ਬੜੇ ਭਜਨੀਕ ਹਨ। ਉਥੇ ਬਹੁਤ ਮਹਾਂਪੁਰਖ ਰਹਿੰਦੇ ਹਨ। ਆਪ ਮੁਰਾਲੇ ਪੁੱਜ ਗਏ।

ਸੰਤ ਬਿਸ਼ਨ ਸਿੰਘ ਜੀ ਮਹਾਂਪੁਰਖਾਂ ਦੀ ਸੰਗਤ ਅਤੇ ਸੇਵਾ ਕਰਕੇ ਨਾਮ ਦੀ ਰੰਗਤ ਚੜ੍ਹਦੀ ਗਈ। ਆਪ ਵਿਦਿਆ ਪੜ੍ਹਨ ਵਾਲੇ ਪਾਸੇ ਨੂੰ ਛੱਡ ਕੇ ਨਾਮ ਅਭਿਆਸ ਵਿੱਚ ਹੀ ਲੀਨ ਰਹਿੰਦੇ। ਇਨ੍ਹਾਂ ਦੀ ਇਸ ਤਰ੍ਹਾਂ ਦੀ ਬਿਰਤੀ ਵੇਖ ਕੇ ਸੰਤ ਬਿਸ਼ਨ ਸਿੰਘ ਜੀ ਭਈ ਆਪ ਦੇ ਉਤੇ ਬਹੁਤ ਪ੍ਰਸੰਨ ਸਨ। ਸੇਵਕ ਭਾਵੇਂ ਆਪ ਸੰਤ ਬਾਬਾ ਖੜਗ ਸਿੰਘ ਜੀ ਠਠੇ ਟਿੱਬੇ ਵਾਲਿਆਂ ਦੇ ਸਨ, ਪਰ ਨਾਮ ਬਾਣੀ ਦਾ ਅਭਿਆਸ ਤੇ ਆਤਮਕ ਜੀਵਨ ਦਾ ਲਾਭ ਸੰਤ ਬਿਸ਼ਨ ਸਿੰਘ ਜੀ ਤੋਂ ਹੀ ਪ੍ਰਾਪਤ ਹੋਇਆ।

ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਅਕਾਲ ਚਲਾਣਾ ਕਰਨ ਸਮੇਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਾਂਹ ਸੰਤ ਬਾਬਾ ਭਾਗ ਸਿੰਘ ਜੀ ਨੂੰ ਫੜਾਈ ਅਤੇ ਬਚਨ ਕੀਤੇ ਕਿ ਇਨ੍ਹਾਂ ਦੀ ਬਾਂਹ ਛੱਡਣੀ ਨਹੀਂ, ਇਨ੍ਹਾਂ ਦਾ ਖਿਆਲ ਰੱਖਣਾ। ਸੰਤ ਬਾਬਾ ਭਾਗ ਸਿੰਘ ਜੀ ਨੇ ਉਸ ਵਚਨ ਨੂੰ ਜ਼ਿੰਦਗੀ ਭਰ ਨਿਭਾਇਆ ਅਤੇ ਬਹੁਤ ਖਿਆਲ ਰੱਖਦੇ ਰਹੇ। ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਸਤਿਕਾਰ ਭੀ ਬਹੁਤ ਕਰਦੇ ਸਨ। ਆਪ ਜੀ ਨੇ ਆਪਣਾ ਨਿਵਾਸ ਅਸਥਾਨ ਚਪਾਲਾ ਜ਼ਿਲ੍ਹਾ ਗੁਜਰਾਤ ਵਿੱਚ ਬਣਾਇਆ, ਪਰ ਕਿਸੇ ਅਸਥਾਨ ਦੇ ਨਾਲ ਆਪ ਜੀ ਨੂੰ ਕੋਈ ਪਕੜ ਨਹੀਂ ਸੀ। ਬੜੇ ਅਤੀਤ ਰਹਿੰਦੇ। ਉਤੇ ਇੱਕ ਚਾਦਰ, ਕੱਛਾ ਤੇ ਸਿਰ ਤੇ ਛੋਟੀ ਦਸਤਾਰ ਰੱਖਦੇ। ਅੱਠੀਂ ਪਹਿਰੀ ਪ੍ਰਸ਼ਾਦਾ ਛਕਦੇ। ਆਪ ਜੀ ਜਦੋਂ ਡੇਰੇ ਮੁਰਾਲੇ ਆਉਂਦੇ, ਡੇਰੇ ਨਿਵਾਸੀ ਸਭ ਡਰਦੇ। ਆਪ ਜੀ ਦਾ ਬੜਾ ਦਬਦਬਾ ਸੀ। ਇਨ੍ਹਾਂ ਦੀ ਕੁਟੀਆ ਵੱਲ ਕੋਈ ਡਰਦਾ ਜਾਂਦਾ ਨਹੀਂ ਸੀ।

ਆਪ ਜੀ ਸੰਨ 1946 ਵਿੱਚ ਠਠੇ ਟਿੱਬੇ ਜ਼ਿਲ੍ਹਾ ਕਪੂਰਥਲਾ ਵਿੱਚ ਅਕਾਲ ਚਲਾਣਾ ਕਰ ਗਏ। ਆਪ ਦੇ ਪਿੱਛੋਂ ਆਪ ਜੀ ਦੇ ਸੇਵਕ ਸੰਤ ਕਰਤਾਰ ਸਿੰਘ ਜੀ ਨੂੰ ਆਪ ਦੇ ਨਕਸ਼ੇ ਕਦਮ ਤੇ ਚੱਲਣ ਦਾ ਸਤਿਗੁਰੂ ਜੀ ਨੇ ਬਲ ਬਖਸ਼ਿਆ, ਜਿਨ੍ਹਾਂ ਕਈ ਗੁਰਦੁਆਰਿਆਂ ਦੀ ਤਨ, ਮਨ, ਧਨ ਅਤੇ ਬੜੀ ਲਗਨ ਨਾਲ ਸੇਵਾ ਕੀਤੀ। ਜੇਕਰ ਮੈਂ ਇਨ੍ਹਾਂ ਦੀ ਸੇਵਾ ਦਾ ਇੱਥੇ ਜ਼ਿਕਰ ਕਰਾਂ ਤਾਂ ਇੱਕ ਨਵਾਂ ਕਾਂਡ ਖੋਹਲਣਾ ਪਵੇਗਾ।

## ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ

ਸੰਤ ਗਿਆਨੀ ਸੁੰਦਰ ਸਿੰਘ ਜੀ ਦਾ ਜਨਮ ਬਾਬਾ ਖਜ਼ਾਨ ਸਿੰਘ ਜੀ ਦੇ ਘਰ ਮਾਤਾ ਮਤਾਬ ਕੌਰ ਜੀ ਦੀ ਕੁੱਖ ਤੋਂ 8 ਭਾਦਰੋਂ, ਸੰਮਤ 1940 ਨੂੰ ਪਿੰਡ ਭਿੰਡਰ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਆਪ ਜੀ ਤਿੰਨ ਭਰਾ ਸਨ-ਸ੍ਰ. ਮੱਸਾ ਸਿੰਘ ਜੀ, ਸੰਤ ਗਿਆਨੀ ਸੁੰਦਰ ਸਿੰਘ ਜੀ ਅਤੇ ਭਾਈ ਇੰਦਰ ਸਿੰਘ

ਜੀ। ਸ੍ਰ. ਮੱਸਾ ਸਿੰਘ ਸ਼ਾਦੀ-ਸ਼ੁਦਾ ਸਨ ਅਤੇ ਘਰ ਦਾ ਜ਼ਿਮੀਦਾਰੇ ਦਾ ਕਾਰੋਬਾਰ ਕਰਦੇ ਸਨ। ਗਿਆਨੀ ਜੀ ਨੇ ਅਤੇ ਭਾਈ ਇੰਦਰ ਸਿੰਘ ਜੀ ਨੇ ਸ਼ਾਦੀ ਨਹੀਂ ਸੀ ਕਰਾਈ। ਬਾਬਾ ਖਜ਼ਾਨ ਸਿੰਘ ਜੀ ਬੜੇ ਭਜਨੀਕ ਸਨ। ਆਪ ਜੀ ਨੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਕੀਤਾ ਸੀ। ਗਿਆਨੀ ਸੁੰਦਰ ਸਿੰਘ ਜੀ ਦੇ ਨਾਲ ਹੀ ਜਦੋਂ ਆਪ ਮੁਰਾਲੇ ਸੰਤ ਬਿਸ਼ਨ ਸਿੰਘ ਜੀ ਪਾਸ ਪੜ੍ਹਨ ਲਈ ਗਏ ਤਾਂ ਆਪ ਜੀ ਵੀ ਉਨ੍ਹਾਂ ਦੇ ਨਾਲ ਮੁਰਾਲੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਸੁਣਨ ਲਈ ਗਏ ਸਨ। ਆਪ ਜੀ ਦੇ ਨੇਤਰਾਂ ਦੀ ਜੋਤ ਖਤਮ ਹੋ ਗਈ ਸੀ। ਜਦੋਂ ਸੰਤ ਬਿਸ਼ਨ ਸਿੰਘ ਜੀ ਚਲਾਣਾ ਕਰ ਗਏ ਤਾਂ ਕੁਝ ਸਮਾਂ ਪਿਛੋਂ ਗਿਆਨੀ ਜੀ ਦੇ ਨਾਲ ਹੀ ਆਪ ਜੀ ਵੀ ਭਿੰਡਰੀਂ ਆ ਗਏ। ਆਪ ਜੀ ਨੇ ਆਪਣੇ ਘਰ ਦੀ ਜ਼ਮੀਨ ਵਿੱਚ ਇੱਕ ਕੁਟੀਆ ਬਣਾਈ ਅਤੇ ਇੱਕ ਭੋਰਾ ਜ਼ਮੀਨ ਵਿੱਚ ਬਣਾਇਆ ਸੀ।

ਸੰਤ ਗਿਆਨੀ ਸੁੰਦਰ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਇਥੇ ਹੀ ਸ਼ੁਰੂ ਕਰ ਦੱਤਾ। 4 ਮੱਘਰ, ਸੰਮਤ 1975 ਮੁਤਾਬਕ ਨਵੰਬਰ 1918 ਨੂੰ ਇਥੇ ਇੱਕ ਸੌ ਇੱਕ ਅਖੰਡ ਪਾਠ ਆਰੰਭ ਕੀਤੇ, ਜਿਨ੍ਹਾਂ ਦੀ ਸਮਾਪਤੀ 5 ਜੇਠ, ਸੰਮਤ 1976 ਬਿਕਰਮੀ 8 ਮਈ, 1919 ਨੂੰ ਹੋਈ। ਜਿਸ ਵਿੱਚ ਬੜੇ-ਬੜੇ ਵਿਦਵਾਨ ਕੀਰਤਨੀਏ, ਸੰਤ ਬਾਬਾ ਭਾਗ ਜੀ ਅਤੇ ਸੰਤ ਬਾਬਾ ਪ੍ਰੇਮ ਸਿੰਘ ਭੀ ਸ਼ਾਮਲ ਹੋਏ ਅਤੇ ਨਾਲ ਹੀ ਇਥੇ ਇਕ ਬਹੁਤ ਸੁੰਦਰ ਗੁਰਦੁਆਰਾ ਤਿਆਰ ਕਰਨ ਲਈ ਭੀ ਅਰਦਾਸਾ ਸੋਧ ਕੇ ਟੱਲ ਲਾ ਦਿੱਤਾ, ਜੋ ਕੁੱਝ ਸਮੇਂ ਪਿਛੋਂ ਬੜੀ ਸੁੰਦਰ ਗੁਰਦੁਆਰਾ ਦੀ ਬਿਲਡਿੰਗ ਤਿਆਰ ਹੋ ਗਈ। ਸੰਤ ਗਿਆਨੀ ਸੁੰਦਰ ਸਿੰਘ ਜੀ ਬੜੇ ਵਿਦਵਾਨ ਸਨ, ਉਨ੍ਹਾਂ ਦੀ ਕਥਾ ਵਿੱਚ ਬੜਾ ਰਸ ਸੀ। ਕਥਾ ਸੁਣਨ ਵਾਲਿਆਂ ਦੀਆਂ ਸਮਾਧਈਆਂ ਲੱਗ ਜਾਂਦੀਆਂ ਸਨ। ਉਨ੍ਹਾਂ ਦਾ ਪੰਥ ਦੇ ਲੀਡਰਾਂ ਤੇ ਭੀ ਬੜਾ ਪ੍ਰਭਾਵ ਸੀ। ਉਨ੍ਹਾਂ ਗੁਰਦੁਆਰਾ ਲਹਿਰ ਵਿੱਚ ਬਹੁਤ ਸੇਵਾ ਕੀਤੀ ਸੀ।

ਆਪ ਜੀ ਪਿੰਡ ਬੋਪਰਾਇ ਵਿੱਚ ਜੋ ਜ਼ਿਲ੍ਹਾ ਲੁਧਿਆਣਾ ਵਿੱਚ ਹੈ, ਕਈ-ਕਈ ਦਿਨ ਉਥੇ ਜਾ ਕੇ ਕਥਾ ਕਰਿਆ ਕਰਦੇ ਸਨ। ਉਥੋਂ ਦੀ ਸੰਗਤ ਨੇ ਇਥੇ ਭੀ ਆਪ ਜੀ ਲਈ ਕੁੱਝ ਕਮਰੇ ਬਣਾ ਦਿੱਤੇ ਸਨ। ਆਪ ਜੀ ਨੇ ਮੁਰਾਲੇ ਸੰਤ ਬਿਸ਼ਨ ਸਿੰਘ ਜੀ ਦੀ ਬਹੁਤ ਸੇਵਾ ਕੀਤੀ ਅਤੇ ਹਮੇਸ਼ਾ ਉਨ੍ਹਾਂ ਦੇ ਪਿਛੋਂ ਉਨ੍ਹਾਂ ਦੀ ਯਾਦ ਵਿੱਚ ਹੋਣ ਵਾਲਾ ਸਲਾਨਾ ਸਮਾਗਮ ਤੇ 13-14-15 ਭਾਦਰੋਂ ਨੂੰ ਆਪਣੇ ਜਥੇ ਸਮੇਤ ਮੁਰਾਲੇ ਪੁੱਜਦੇ ਸਨ।

ਸੰਤ ਬਾਬਾ ਪਰੇਮ ਸਿੰਘ ਜੀ ਦੀ ਆਪ ਸੱਜੀ ਬਾਂਹ ਸਨ। ਇਸ ਲਈ ਆਪ ਨੂੰ ਜਦੋਂ ਭੀ ਮਹਾਂਪੁਰਖ ਯਾਦ ਕਰਦੇ, ਆਪ ਉਦੋਂ ਹੀ ਉਨ੍ਹਾਂ ਦਾ ਬਚਨ ਨਾ ਮੋੜਦੇ ਹੋਏ ਉਨ੍ਹਾਂ ਪਾਸ ਪੁੱਜ ਜਾਂਦੇ ਸਨ ਅਤੇ ਉਨ੍ਹਾਂ ਦੀ ਹਰ ਇੱਕ ਤਰ੍ਹਾਂ ਆਪ ਸਹਾਇਤਾ ਕਰਦੇ ਸਨ। ਆਪ ਟਾਂਡੇ ਦੇ ਦੀਵਾਨ ਤੇ ਭੀ ਹਮੇਸ਼ਾ ਪੁੱਜਦੇ ਸਨ ਅਤੇ ਨਨਕਾਣੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਭੀ ਪੁੱਜਦੇ ਤੇ ਲੁਬਾਣਾ ਬਰਾਦਰੀ ਦੇ ਬੁੰਗੇ ਵਿੱਚ ਹੀ ਰਿਹਾਇਸ਼ ਰੱਖਦੇ ਸਨ। ਦਾਸ ਨੂੰ ਜਿਸ ਤਰ੍ਹਾਂ ਕਿ ਮੈਂ ਪਹਿਲੇ ਦੱਸ ਆਇਆ ਹਾਂ ਕਿ ਇੱਕ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ (ਕਥਾ) ਸੁਣਨ ਦਾ ਸੁਭਾਗ ਆਪ ਜੀ ਤੋਂ ਪ੍ਰਾਪਤ ਹੋਇਆ। ਇੱਕ ਵੇਰ ਆਪ ਜੀ ਨੂੰ ਜਥੇ ਸਮੇਤ ਆਪਣੇ ਨਗਰ ਭਖੜੇ ਆਲੀ ਵਿੱਚ ਭੀ ਦਾਸ ਲੈ ਗਿਆ। ਸੰਤ ਬਾਬਾ ਭਾਗ ਸਿੰਘ ਭੀ ਆਪ ਜੀ ਦੇ ਨਾਲ ਸਨ। ਕੁੱਝ ਦਿਨ ਆਪ ਜੀ ਨੇ ਨਗਰ ਨਿਵਾਸੀਆਂ ਨੂੰ ਕਥਾ ਰਾਹੀਂ ਬੜਾ ਨਿਹਾਲ ਕੀਤਾ। ਆਪ ਜੀ ਕੁੱਝ ਦਿਨ ਬੀਮਾਰ ਰਹਿਣ ਉਪਰੰਤ 4 ਫੱਗਣ, 1980 ਬਿਕਰਮੀ, 15 ਫਰਵਰੀ, 1930 ਈਸਵੀਂ ਨੂੰ ਪਿੰਡ ਬੋਪਾਰਾਇ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿੱਚ ਅਕਾਲ ਚਲਾਣਾ ਕਰ ਗਏ। 14 ਫੱਗਣ ਨੂੰ ਆਪ ਜੀ ਦੀ ਯਾਦ ਵਿੱਚ ਅਖੰਡ ਪਾਠਾਂ ਦਾ ਭੋਗ ਪਾ ਕੇ ਭਾਰੀ ਜੋੜ ਮੇਲਾ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ, ਸੰਤ ਬਾਬਾ ਭਾਗ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਰਾਗੀ ਜੱਥੇ ਅਤੇ ਵਿਦਵਾਨ ਇਸ ਸਮਾਗਮ ਵਿੱਚ ਪੁੱਜੇ। ਆਪ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬੋਪਾਰਾਇ ਦੇ ਅਸਥਾਨ ਦੀ ਸੇਵਾ ਲਈ ਗਿਆਨੀ ਗੁਰਦਿਆਲ ਸਿੰਘ ਜੀ ਨੂੰ ਜਥੇਦਾਰ ਨਿਯਮਤ ਕੀਤਾ ਗਿਆ।

## ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਧਰਮ ਸ਼ਰਧਾਲੂ ਬਾਬਾ ਬੂੜ ਸਿੰਘ ਜੀ

ਮੁਰਾਲੇ ਦੇ ਨੇੜੇ ਇੱਕ ਸਹਿਣਾ ਨਾਮ ਕਰਕੇ ਛੋਟਾ ਜਿਹਾ ਪਿੰਡ ਸੀ। ਇਥੇ ਬਹੁਤੀ ਆਬਾਦੀ ਮੁਸਲਮਾਨਾਂ ਦੀ ਸੀ। ਕੁੱਝ ਆਬਾਦੀ ਸਿੰਘਾਂ ਦੀ ਭੀ ਸੀ। ਇਥੇ ਨੇੜੇ ਹੀ ਇੱਕ ਮਹਾਂਪੁਰਖ ਪੰਡਤ ਨਿੱਕਾ ਸਿੰਘ ਜੀ ਨਿਰਮਲੇ ਸੰਤਾਂ ਦਾ ਡੇਰਾ ਪਿੰਡ ਢੱਲੇ ਵਿੱਚ ਸੀ। ਇਸ ਪਿੰਡ ਵਿੱਚ ਸ੍ਰ. ਨਿਹਾਲ ਸਿੰਘ ਜੀ ਚੰਗੇ ਸ਼ਾਹੂਕਾਰ ਸਨ। ਉਨ੍ਹਾਂ ਦੇ ਘਰ ਔਲਾਦ ਨਹੀਂ ਸੀ। ਉਨ੍ਹਾਂ ਦੇ ਘਰੋਂ ਉਨ੍ਹਾਂ ਦੀ ਧਰਮ ਪਤਨੀ ਮਾਤਾ ਜੀਵਾਂ ਨੇ ਕਈ ਸੁੱਖਣਾ ਸੁੱਖੀਆਂ। ਕਈ ਸਾਧਾਂ ਸੰਤਾਂ ਦੇ ਚਰਨ ਭੀ ਪਰਸੇ।

ਸਤਿਗੁਰ ਜੀ ਦੇ ਚਰਨਾਂ ਵਿੱਚ ਭੀ ਰੋਜ਼ ਜੋਦੜੀ ਤਰਲਾ ਕਰਨਾ। ਮਾਲਕ ਨੇ ਕਈ ਸਾਲਾਂ ਪਿੱਛੋਂ ਇਨ੍ਹਾਂ ਦੀ ਅਰਦਾਸ ਕਬੂਲ ਕਰ ਲਈ ਤੇ ਇਨ੍ਹਾਂ ਦੇ ਗ੍ਰਿਹ ਵਿੱਚ ਭੁਝੰਗੀ ਦੀ ਦਾਤ ਬਖਸ਼ੀ, ਜਿਸ ਦਾ ਨਾਮ ਇਨ੍ਹਾਂ ਨੇ ਬੂੜ ਸਿੰਘ ਰੱਖਿਆ। ਬੜੀਆਂ ਖੁਸ਼ੀਆਂ ਮਨਾਈਆਂ. ਗਰੀਬ ਗੁਰਬੇ ਨੂੰ ਬੜਾ ਧੰਨ ਵੰਡਿਆ। ਇਸ ਤਰ੍ਹਾਂ ਬਾਲਕ ਬੂੜ ਸਿੰਘ ਦੀ ਬੜੀ ਪਾਲਣਾ ਕੀਤੀ। ਪੰਜ ਛੇ ਸਾਲ ਦੇ ਜਦੋਂ ਹੋ ਗਏ, ਸਕੂਲ ਪੜ੍ਹਨ ਬਿਠਾਇਆ। ਉਰਦੂ ਦੀਆਂ ਪੰਜ ਜਮਾਤਾਂ ਪਾਸ ਕਰ ਲਈਆਂ। ਪੰਡਤ ਨਿੱਕਾ ਸਿੰਘ ਜੀ ਦੇ ਡੇਰੇ ਗੁਰਮੁਖੀ ਅੱਖਰ ਸਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਭੀ ਆਪ ਕਰਨ ਲੱਗ ਪਏ। ਖਾਣ-ਪੀਣ ਦੀ ਘਰ ਪ੍ਰਾਹ ਨਹੀਂ ਸੀ। ਜੁਆਨ ਭੀ ਚੰਗੇ ਨਿਕਲੇ। ਖੁਰਾਕ ਭੀ ਦੱਸਦੇ ਹਨ ਕਿ ਕਿੰਨ੍ਹੀ ਖਾ ਕੇ ਪਚਾ ਜਾਂਦੇ ਸਨ। ਆਪ ਜੀ ਦੀ ਸ਼ਾਦੀ ਭੀ ਮਾਤਾ ਗੰਗਾ ਜੀ ਦੇ ਨਾਲ ਅਲੀ ਬੇਗ, ਜਿਥੇ ਸੰਤ ਬਾਬਾ ਸੁੰਦਰ ਸਿੰਘ ਜੀ ਦਾ ਡੇਰਾ ਸੀ, ਉਸੇ ਨਗਰ ਹੋ ਗਈ। ਇਨ੍ਹਾਂ ਨੂੰ ਸੰਤ ਮਹਾਂ ਪੁਰਸ਼ਾਂ ਦੀ ਸੇਵਾ ਕਰਨ ਦਾ ਚਗਾ ਸ਼ੌਂਕ ਪੈਦਾ ਹੋ ਗਿਆ। ਦੇਵਨੈਤ ਸ੍ਰ. ਬੂੜ ਸਿੰਘ ਜੀ ਦੇ ਮਾਤਾ ਪਿਤਾ ਅੱਗੇ ਪਿੱਛੇ ਚੜ੍ਹਾਈ ਕਰ ਗਏ। ਆਪ ਜੀ ਨੇ ਘਰ ਦਾ ਕਾਰੋਬਾਰ ਸੰਭਾਲਿਆ।

ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦੀ ਸਾਲਾਨਾ ਯਾਦ ਵਿੱਚ 13-14-15 ਭਾਦਰੋਂ ਨੂੰ ਜਿਹੜਾ ਜੋੜ ਮੇਲਾ ਹੁੰਦਾ ਸੀ, ਉਸ ਭਾਰੀ ਜੱਗ ਵਿੱਚ ਜਿਤਨੀ ਭੀ ਸਬਜ਼ੀ ਲੰਗਰ ਦੀ ਲੋੜ ਹੁੰਦੀ ਉਹ ਸਾਰੀ ਸ੍ਰ. ਬੂੜ ਸਿੰਘ ਜੀ ਵੱਲੋਂ ਹੀ ਲੰਗਰ ਵਿੱਚ ਬਣਦੀ ਸੀ। ਇਥੇ ਹੀ ਜੋੜ ਮੇਲੇ ਤੇ ਇੱਕ ਲੰਗਰ ਮਾਹਲ-ਪੂੜੇ ਦਾ, ਇਨ੍ਹਾਂ ਦੇ ਬਹਿਨੋਈ ਸ੍ਰ. ਸੁੰਦਰ ਸਿੰਘ ਤੇ ਭੈਣ ਜੈ ਦੇਈ ਵੱਲੋਂ ਲਗਾਤਾਰ ਕਈ ਸਾਲ ਬਣਦਾ ਰਿਹਾ। ਪਾਕਿਸਤਾਨ ਬਣਨ ਤੋਂ, ਬਾਕੀ ਲੋਕਾਂ ਵਾਂਗ ਸ੍ਰ. ਬੂੜ ਸਿੰਘ ਜੀ ਭੀ ਸਭ ਕੁੱਝ ਛੱਡ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਲ ਹੀ ਅੰਮ੍ਰਿਤਸਰ ਆ ਗਏ। ਕੁੱਝ ਦਿਨ ਇਥੇ ਠਹਿਰ ਕੇ ਆਪ ਆਪਣੇ ਪ੍ਰਵਾਰ ਪਾਸ ਕਾਹਨਪੁਰ ਪੁੱਜ ਗਏ। ਇਥੇ ਆਪ ਜੀ ਨੇ ਅਤੇ ਆਪ ਦੇ ਬੱਚਿਆਂ ਨੇ ਚੰਗਾ ਕਾਰੋਬਾਰ ਕੀਤਾ।

ਸਤਿਗੁਰੂ ਜੀ ਕਿਰਪਾ ਨਾਲ ਚੰਗੇ ਦਿਨ ਆ ਗਏ। ਦਾਸ ਦਾ ਭੀ ਕਾਹਨਪੁਰ ਜਾਣ ਆਉਣ ਬਹੁਤ ਰਿਹਾ ਹੈ। ਦਾਸ ਨਾਲ ਭਈ ਆਪ ਜੀ ਦਾ ਪਹਿਲੇ ਹੀ ਬਹੁਤ ਪਿਆਰ ਸੀ, ਪਰ ਇਧਰ ਆ ਕੇ ਬਹੁਤ ਹੀ ਪਿਆਰ ਹੋ ਗਿਆ। ਆਪ ਜੀ ਨੇ ਸ੍ਰੀ ਅੰਮ੍ਰਿਤਸਰ ਆ ਕੇ ਛੇ ਮਹਾਂਪੁਰਖਾਂ ਦੇ ਨਾਮ ਛੇ ਅਖੰਡ ਪਾਠ ਕਰਵਾਏ ਅਤੇ ਇੱਕ ਦੁੱਖ ਭੰਜਨੀ ਸਾਹਿਬ ਦੇ ਸਾਹਮਣੇ ਦੀ ਡਿਉਢੀ ਦੇ ਇੱਕ ਥੰਮ੍ਹਲੇ ਨਾਲ ਛੇ ਮਹਾਂ ਪੁਰਖਾਂ-ਸੰਤ ਬਿਸ਼ਨ ਸਿੰਘ ਮੁਰਾਲਾ, ਸੰਤ ਪ੍ਰੇਮ ਸਿੰਘ ਜੀ ਮੁਰਾਲਾ, ਸੰਤ ਸੁੰਦਰ ਸਿੰਘ ਜੀ ਅਲੀ ਬੇਗ ਵਾਲੇ, ਪੰਡਤ ਨਿੱਕਾ ਸਿੰਘ ਜੀ ਢੱਲਾ, ਸੰਤ ਗੁਰਮੁਖ ਸਿੰਘ ਜੀ ਢੱਲਾ ਅਤੇ ਸੰਤ ਰਘਬੀਰ ਸਿੰਘ ਜੀ ਹਰਦੁਆਰ ਵਾਲੇ ਇਨ੍ਹਾਂ ਛੇਆਂ ਮਹਾਂ ਪੁਰਖਾਂ ਹਰ ਇੱਕ ਦੇ ਨਾਮ ਸੱਤ ਸੌ ਇਕਵਿੰਜਾ ਰੁਪਏ ਭੇਟਾ ਸ੍ਰੀ ਦਰਬਾਰ ਸਾਹਿਬ ਦੇ ਕੇ ਪੱਥਰ ਲੁਆਇਆ।

ਆਪ ਜੀ ਦੇ ਪਾਸ ਇਨ੍ਹਾਂ ਦੀ ਭੈਣ ਦੀ ਕੁੱਝ ਰਕਮ ਸੀ, ਉਸ ਨੂੰ ਬੜੀ ਈਮਾਨਦਾਰੀ ਨਾਲ, ਸਾਲ ਦੇ ਸਾਲ ਅਖੰਡ ਪਾਠ ਕਰਵਾ ਕੇ, ਉਨ੍ਹਾਂ ਦੀ ਯਾਦ ਵਿੱਚ ਲੰਗਰ ਕਰਦੇ ਰਹੇ। ਇਨ੍ਹਾਂ ਦੀ ਭੈਣ ਦਾ ਇਕ ਸੋਨੇ ਦਾ ਗੁਲੂਬੰਦ ਸੀ, ਉਹ ਕਿਸੇ ਨੂੰ ਨਾ ਦਿੱਤਾ। ਉਹ ਸ੍ਰੀ ਦਰਬਾਰ ਸਾਹਿਬ ਭੇਟਾ ਕਰਕੇ ਜਲੌ ਵਾਲੀਆਂ ਚੀਜ਼ਾਂ ਵਿੱਚ ਸ਼ਾਮਲ ਕਰਾ ਦਿੱਤਾ, ਜਿੱਥੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਪੋਤਰੇ ਨੌਨਿਹਾਲ ਸਿੰਘ ਦੇ ਵਿਆਹ ਤੇ ਬਣੇ ਹੋਏ ਸਿਹਰੇ ਨੂੰ ਭੇਟਾ ਕੀਤਾ ਸ਼ਾਮਲ ਹੈ। ਇਹ ਚੀਜ਼ਾਂ ਗੁਰਪੁਰਬਾਂ ਦੇ ਜਲੌ ਵਿੱਚ ਸ੍ਰੀ ਹਰਿਮੰਦਰ ਸਾਹਿਬ ਸਜਾਈਆਂ ਜਾਂਦੀਆਂ ਹਨ। ਸ੍. ਬੂੜ ਸਿੰਘ ਜੀ ਦੀ ਗੁਰੂ ਘਰ ਵਿੱਚ ਅਥਾਹ ਸ਼ਰਧਾ ਸੀ। ਇੱਕ ਵੇਰ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਅਤੇ ਇੱਕ ਵੇਰ ਆਨੰਦਪੁਰ ਸਾਹਿਬ ਜੀ ਦੀ ਯਾਤਰਾ ਦਾਸ ਨੇ ਇਨ੍ਹਾਂ ਦੇ ਨਾਲ ਕੀਤੀ। ਆਪ ਦਾ ਬੜਾ ਉੱਚਾ ਜੀਵਨ ਸੀ। ਦੋ ਵਜੇ ਉਠ ਕੇ ਨੇਮ ਨਾਲ ਸੁਖਮਨੀ ਸਾਹਿਬ ਆਦਿ ਬਾਣੀਆਂ ਦੇ ਪਾਠ ਕਰਦੇ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਨਾਲ ਬਹੁਤ ਪਿਆਰ ਸੀ। ਇਨ੍ਹਾਂ ਦੀ ਮਹਾਂਪੁਰਖਾਂ ਤੇ ਅਥਾਹ ਸ਼ਰਧਾ ਸੀ। ਇਧਰ ਆ ਕੇ ਆਪ ਜੀ ਅਕਾਲ ਪੁਰਖ ਦੇ ਹੁਕਮ ਵਿੱਚ ਕਾਹਨਪੁਰ ਵਿਖੇ 5 ਮਾਰਚ, 1984 ਮੁਤਾਬਕ ਚੇਤਰ 2041 ਬਿਕਰਮੀ ਨੂੰ ਅਕਾਲ ਚਲਾਣਾ ਕਰ ਗਏ।

ਆਪ ਜੀ ਦਾ ਬਹੁਤ ਵੱਡਾ ਪਰਵਾਰ ਸੀ। ਇੱਕ ਲੜਕੀ ਬੀਬੀ ਜੋਗਿੰਦਰਕੌਰਤੇਸ ੱਤਪ ੍ੱਤਰਸ ਨ,f ਜਨ੍ਹਾਂf ਵੱਚੋਂੳ_ਨ੍ਹਾਂਦੇਸ ਪੁੱਤਰ ਸ੍. ਖਜਾਨ ਸਿੰਘ ਜੀ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਨੇ ਉਨ੍ਹਾਂ ਦੀ ਬਹੁਤ ਹੀ ਸੇਵਾ ਕੀਤੀ ਅਤੇ ਉਨ੍ਹਾਂ ਦੇ ਦਾਮਾਦ ਐਡਵੋਕੇਟ ਸ੍. ਅਮਰੀਕ ਸਿੰਘ ਜੀ ਤੇ ਲੜਕੀ ਬੀਬੀ ਜੋਗਿੰਦਰ ਕੌਰ ਨੇ ਭੀ ਉਨ੍ਹਾਂ ਦੀ ਬਹੁਤ ਖੁਸ਼ੀ ਹਾਸਲ ਕੀਤੀ। ਇਨ੍ਹਾਂ ਦਾ ਜ਼ਿਕਰ ਇੱਥੇ ਇਸ ਕਰਕੇ ਕੀਤਾ ਹੈ ਕਿ ਸ੍. ਬੂੜ ਸਿੰਘ ਜੀ ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਦੇ ਅਨਿੰਨ ਭਗਤ ਸਨ।

## ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸ਼ਖਸੀਅਤ ਦਾ ਮੁਸਲਮਾਨਾਂ ਤੇ ਭੀ ਪ੍ਰਭਾਵ

ਜ਼ਿਲ੍ਹੇ ਗੁਜਰਾਤ ਦੀਤਹਿਸੀਲ ਗੁਜਰਾਤ ਵਿੱਚ ਥਾਨਾ ਕੜੀਆਂ ਵਾਲੇ ਵਿੱਚ ਲੁਬਾਣਾ ਬਰਾਦਰੀ ਦੇ ਬਹੁਤ ਪਿੰਡ ਸਨ ਤੇ ਮੁਸਲਮਾਨਾਂ ਦੀ ਅਬਾਦੀ ਤਾਂ ਬਹੁਤ ਹੀ ਸੀ। ਇੱਕ ਅਜਨਾਲਾ ਚੰਗਾ ਮੁਸਲਮਾਨਾਂ ਦਾ ਨਗਰ ਸੀ। ਇਸ ਨਗਰ ਦੇ ਚੌਧਰੀ ਫਜ਼ਲ ਅਲੀ ਮੈਜਿਸਟਰੇਟ ਦਰਜਾ ਅੱਵਲ ਸਨ। ਡਿਸਟ੍ਰਿਕਟ ਬੋਰਡ ਦੇ ਚੇਅਰਮੈਨ ਸਨ। ਇਨ੍ਹਾਂ ਦੇ ਤਹਿਸੀਲ ਫਾਲੀਆ ਵਿੱਚ ਬਹੁਤ ਮੁਰੱਬੇ ਸਨ। ਪਿਛੋਂ ਜਦੋਂ ਅਸੈਂਬਲੀਆਂ ਬਣੀਆਂ, ਉਹ ਐਮ.ਐਲ.ਏ. ਭੀ ਬਣ ਗਏ ਸਨ। ਇਨ੍ਹਾਂ ਦੀ ਉਸ ਵਕਤ ਜ਼ਿਲ੍ਹੇ ਵਿੱਚ ਬੜੀ ਭਾਰੀ ਤਾਕਤ ਸੀ। ਇਨ੍ਹਾਂ ਦੇ ਪਾਸ ਇੱਕ ਜ਼ੈਲ ਅਜਨਾਲੇ ਦੀ ਸੀ, ਜਿੱਥੇ ਇਨ੍ਹ ਦਾ ਲੜਕਾ ਜ਼ੈਲਦਾਰ ਸੀ (ਜਿਸ ਵਿੱਚ ਦਾਸ ਦਾ ਨਗਰ ਭਖੜੇ ਆਲੀ ਪੈਂਦਾ ਸੀ)। ਇਹ ਜ਼ੈਲ ਭੀ ਇਨ੍ਹਾਂ ਦੇ ਪਾਸ ਸੀ। ਇਥੇ ਇਨ੍ਹਾਂ ਦਾ ਆਪਣੀ ਹੀ ਸਰਬ੍ਹਾਹ ਜ਼ੈਲਦਾਰ ਸੀ। ਸੰਤ ਬਾਬਾ ਪਰੇਮ ਸਿੰਘ ਜੀ ਦੇ ਉੱਤੇ ਇਨ੍ਹਾਂ ਦੀ ਬੜੀ ਸ਼ਰਧਾ ਸੀ। ਮੁਰਾਲੇ 13-14-15 ਭਾਦਰੋਂ ਦੇ ਜੱਗ ਵਿੱਚ ਮਹੰਤ ਫਜ਼ਲ ਅਲੀ ਆਪਣੇ ਲੜਕੇ ਨੂੰ ਭੇਟਾ ਦੇ ਕੇ ਹਮੇਸ਼ਾ ਭੇਜਦੇ ਸੀ ਕਿ ਮਹੰਤ ਸਾਹਿਬ ਜੀ ਦੀ ਸੇਵਾ ਵਿੱਚ ਜੱਗ ਲਈ ਤੁੱਛ ਭੇਟਾ ਅਰਪਣ ਕਰ ਆਵੋ ਤਾਂ ਕਿ ਸਾਡਾ ਭਈ ਖੁਦਾ ਕੁੱਝ ਭਲਾ ਕਰੇ।

ਆਪ ਜੀ ਦੀ ਮਹਾਂ ਪੁਰਖਾਂ ਤੇ ਇਤਨੀ ਸ਼ਰਧਾ ਸੀ ਕਿ ਆਪ ਜੀ ਜਦੋਂ ਕਦੇ ਚੌਧਰੀ ਸਾਹਿਬ ਨੂੰ ਮਿਲਣ ਵਾਸਤੇ ਆਉਣ ਤਾਂ ਚੌਧਰੀ ਸਾਹਿਬ ਆਪ ਜੀ ਦਾ ਬੜਾ ਸਤਿਕਾਰ ਕਰਦੇ ਸਨ। ਜਿਤਨਾ ਚਿਰ ਆਪ ਜੀ ਦੀ ਕਾਰ ਸਾਹਮਣੇ ਨਜ਼ਰ ਆਵੇ, ਉਤਨਾ ਚਿਰ ਕਾਰ ਵੱਲ ਚੌਧਰੀ ਸਾਹਿਬ ਪਿੱਠ ਨਹੀਂ ਸੀ ਕਰਦੇ, ਪਿੱਛਲ-ਖੁਰੀ ਚਲਦੇ ਸਨ। ਇਤਨਾ ਆਪ ਦਾ ਸਤਿਕਾਰ ਕਰਦੇ ਸਨ ਕਿਸੇ ਭੀ ਕੰਮ ਲਈ, ਜਦੋਂ ਭੀ, ਚੌਧਰੀ ਸਾਹਿਬ ਨੂੰ ਆਪ ਜੀ ਕੋਈ ਕੰਮ ਕਹਿੰਦੇ ਤਾਂ ਚੌਧਰੀ ਸਾਹਿਬ ਸੰਤ ਬਾਬਾ ਪਰੇਮ ਸਿੰਘ ਨੂੰ ਆਪ ਜੀ ਦਾ ਹੁਕਮ ਸਮਝ ਕੇ ਕਰਦੇ ਸਨ। ਜਿਸ ਦਾ ਕਿ ਦਾਸ ਨੂੰ ਜ਼ਾਤੀ ਤੌਰ ਤੇ ਪਤਾ ਹੈ। ਕਿਉਂਕਿ ਦਾਸ ਨੇ ਕਈ ਵੇਰ ਮਹਾਂਪੁਰਖਾਂ ਵੱਲੋਂ ਆਪ ਜਾ ਕੇ, ਉਨ੍ਹਾਂ ਦਾ ਜੋ ਹੁਕਮ ਹੁੰਦਾ ਸੀ, ਉਹ ਚੌਧਰੀ ਸਾਹਿਬ ਨੂੰ ਕਹਿਣਾ, ਉਹ ਉਸੇ ਵੇਲੇ ਝਟਪਟ ਆਪ ਜੀ ਦੇ ਹੁਕਮ ਦੀ ਤਾਲੀਮ ਕਰਦੇ ਸਨ।

ਪਾਕਿਸਤਾਨ ਦੇ ਬਣਨ ਪਿਛੋਂ ਪਹਿਲੀ ਵੇਰ ਬੱਸਾਂ ਰਾਹੀਂ ਸ੍ਰੀ ਪੰਜਾਂ ਸਾਹਿਬ ਦੀ ਯਾਤਰਾ ਕਰਨ ਲਈ ਜਦੋਂ ਸਾਡਾ ਜਥਾ ਗਿਆ ਤਾਂ ਗੁਜਰਾਤ ਡਾਕ ਬੰਗਲੇ ਸਾਡੇ ਜਥੇ ਦਾ ਸੁਆਗਤ ਕਰਨ ਲਈ ਬਹੁਤ ਸਾਰੇ ਮੁਸਲਮਾਨ ਇਕੱਠੇ ਹੋਏ। ਬੜਾ ਸ਼ਾਨਦਾਰ ਸੁਆਗਤ ਕੀਤਾ। ਕਈ ਸੱਜਣ ਮੈਨੂੰ ਜਾਣਦੇ ਸਨ। ਉਸੇ ਸਾਲ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਰੀਰ ਛੱਡਿਆ ਸੀ। ਸ਼ਹਿਰ ਦੇ ਪਤਵੰਤਿਆਂ ਬੜਾ ਅਫਸੋਸ ਕੀਤਾ। ਕਹਿਣ ਲੱਗੇ ਕਿ ਮਹੰਤ ਸਾਹਿਬ ਸਾਡੇ ਜ਼ਿਲ੍ਹੇ ਗੁਜਰਾਤ ਦੇ ਥੰਮ੍ਹ ਸਨ। ਉਨ੍ਹਾਂ ਦੀ ਮੌਤ ਦਾ ਬਹੁਤ ਹੀ ਅਫਸੋਸ ਹੈ ਜਦੋਂ ਜਥਾ ਖਾਰੀਆਂ ਪੁੱਜਾਂ ਤਾਂ ਉਥੇ ਭਈ ਬਹੁਤ ਲੋਕਾਂ ਆਪ ਜੀ ਦਾ ਬੜੇ ਸੇਜਲ ਨੇਤਰਾਂ ਨਾਲ ਅਫਸੋਸ ਕੀਤਾ।

ਚੌਧਰੀ ਫਜ਼ਲ ਅਲਾਹੀ ਦਾ ਪ੍ਰਵਾਰ (ਜਿਨ੍ਹਾਂ ਦਾ ਮੈਂ ਜ਼ਿਕਰ ਕਰ ਆਇਆ ਹਾਂ), ਉਨ੍ਹਾਂ ਦੇ ਭਰਾ ਨੇ ਭੁੱਬਾਂ ਮਾਰ-ਮਾਰ ਸਾਡੇ ਗੱਲ ਲੱਗ ਕੇ ਭਾਰੀ ਅਫਸੋਸ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਇੱਕ ਅਜਿਹੀ ਸ਼ਖਸੀਅਤ ਸਨ, ਜਿਨ੍ਹਾਂ ਦਾ ਸਤਿਕਾਰ ਮੁਸਲਮਾਨ, ਹਿੰਦੂ, ਸਿੱਖ, ਸਾਰੇ ਕਰਦੇ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਵੀ ਸਾਰਿਆਂ ਦੇ ਕੰਮ ਕਰਕੇ ਬਹੁਤ ਖੁਸ਼ ਹੁੰਦੇ ਸਨ, ਇਸ ਲਈ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਦਾ ਸਭ ਨੇ ਭਾਰੀ ਅਫਸੋਸ ਕੀਤਾ।

ਭਾਵੇਂ 1947 ਦੇ ਭਿਆਨਕ ਘਲੂਘਾਰੇ ਵਿੱਚ ਭਾਰੀ ਤਬਾਹੀ ਹੋਈ। ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ, ਸਿੱਖ, ਮੁਸਲਮਾਨ ਮਾਰੇ ਗਏ। ਕਿਸੇ ਵੱਲੋਂ ਭੀ ਬੇਦੋਸ਼ੇ ਲੋਕਾਂ ਨੂੰ ਮਾਰਨ ਦਾ ਫਰਕ ਨਾ ਰਿਹਾ ਅਤੇ ਪ੍ਰਮਾਤਮਾ ਦੀ ਪੈਦਾ

ਕੀਤੀ ਜਨਤਾ ਤੇ ਇਕ ਤਰ੍ਹਾਂ ਨਾਲ ਭਾਰੀ ਕਹਿਰ ਵਰਤਿਆ (ਜੋ ਅੱਖੀਂ ਦੇਖਿਆ) ਅਤੇ ਮਹਾਂ ਪੁਰਖ ਬਾਬਾ ਪ੍ਰੇਮ ਸਿੰਘ ਜੀ ਦੇ ਡੇਰੇ ਮੁਰਾਲੇ ਭੀ ਕਈ ਸਿਰ-ਫਿਰਿਆਂ ਘੇਰਾ ਪਾਇਆ, ਪਰ ਆਪ ਜੀ ਦੀ ਸ਼ਖਸੀਅਤ ਦੇ ਪ੍ਰਭਾਵ ਕਾਰਨ ਅਤੇ ਪ੍ਰਮਾਤਮਾ ਦੀ ਮਹਾਨ ਕਿਰਪਾ ਨਾਲ ਆਪ ਜੀ ਉਤੇ ਵਾਰ ਕਰਨ ਦੀ ਜੁਰਅਤ ਨਾ ਕਰ ਸਕੇ ਤੇ ਆਪ ਸਹੀ ਸਲਾਮਤ ਆਪਣੇ ਸਾਥੀਆਂ ਸਮੇਤ ਇਧਰ ਹਿੰਦੋਸਤਾਨ ਆ ਗਏ। ਇਸ ਦਾ ਜ਼ਿਕਰ ਪਿਛੇ ਕਰ ਆਇਆ ਹਾਂ।

## ਦੀ ਟ੍ਰਿਬਿਊਨ, ਚੰਡੀਗੜ੍ਹ

ਮਹਾਨ ਸ਼ਖਸੀਅਤ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਮੌਤ ਪਿਛੋਂ ਲੁਬਾਣਾ ਬਰਾਦਰੀ ਵਿੱਚ ਹਾਹਾਕਾਰ ਪੈ ਜਾਣੀ ਤਾਂ ਕੁਦਰਤੀ ਸੀ, ਕਿਉਂਕਿ ਇਸ ਬਰਾਦਰੀ ਲਈ ਤਾਂ ਉਨ੍ਹਾਂ ਆਪਣਾ ਸਭ ਕੁੱਝ ਹੀ ਕੁਰਬਾਨ ਕਰ ਦਿੱਤਾ। ਇਹ ਆਮ ਤੌਰ ਤੇ ਦੇਖਣ ਵਿਚ ਆਇਆ ਹੈ ਕਿ ਮਨੁੱਖ ਦੇ ਇਸ ਸੰਸਾਰ ਤੋਂ ਚਲੇ ਜਾਣ ਪਿਛੋਂ ਉਸ ਦੇ ਗੁਣ ਅਤੇ ਔਗੁਣ ਉਘੜ ਕੇ ਸਾਹਣੇ ਆ ਜਾਂਦੇ ਹਨ। ਪਰ ਕਈ ਵਿਅਕਤੀ ਅਜਿਹੇ ਭੀ ਹੁੰਦੇ ਹਨ, ਜਿਨ੍ਹਾਂ ਦੇ ਗੁਣ ਉਨ੍ਹਾਂ ਦੇ ਸਰੀਰ ਤਿਆਗ ਜਾਣ ਪਿਛੋਂ ਵਿਸ਼ੇਸ਼ ਕਰਕੇ ਪ੍ਰਗਟ ਹੁੰਦੇ ਹਨ। ਜਦੋਂ ਉਨ੍ਹਾਂ ਦੀ ਥਾਂ ਪੂਰੀ ਕਰਨ ਵਾਲਾ ਕੋਈ ਨਾ ਹੋਵੇ, ਉਦੋਂ ਬਾਰ-ਬਾਰ ਉਨ੍ਹਾਂ ਦੀ ਯਾਦ ਆਉਂਦੀ ਹੈ।

ਸੰਤ ਬਾਬਾ ਪ੍ਰੇਮ ਸਿੰਘ ਜੀ ਭਈ ਇੱਕ ਅਜਿਹੇ ਸਤਿਕਾਰਯੋਗ ਵਿਅਕਤੀ ਸਨ, ਜਿਨ੍ਹਾਂ ਦੀ ਥਾਂ ਪੂਰੀ ਹੋਣੀ ਕਠਨ ਹੈ, ਜਿਨ੍ਹਾਂ ਦੇ ਗੁਣਾਂ ਦਾ ਪ੍ਰਗਟਾਵਾ ਟ੍ਰਿਬਿਊਨ ਦੇ 6 ਜੂਨ, 1950 ਦੇ ਪਰਚੇ ਵਿੱਚ ਉਸ ਦੇ ਸਤਿਕਾਰਯੋਗ ਐਡੀਟਰ ਨੇ ਇਸ ਤਰ੍ਹਾਂ ਕੀਤਾ ਹੈ :

ਮਹੰਤ ਪ੍ਰੇਮ ਸਿੰਘ ਜੀ ਇੱਕ ਸਿੱਧੇ-ਸਾਦੇ ਪੁਰਸ਼ ਸਨ। ਜਿਨ੍ਹਾਂ ਵਿੱਚ ਕੋਈ ਹੰਕਾਰ ਵਾਲੀ ਗੱਲ ਨਹੀਂ ਸੀ ਬਤੌਰ ਐਮ.ਐਲ.ਏ. ਉਹ ਭਾਵੇਂ ਕਦੇ ਵੀ ਅਸੈਂਬਲੀ ਵਿੱਚ ਬੋਲੇ ਨਹੀਂ ਸਨ, ਪਰ ਫਿਰ ਵੀ ਉਹ ਉਨ੍ਹਾਂ ਵਿੱਚੋਂ ਸਨ, ਜਿਹੜੇ ਕਿ ਹਮੇਸ਼ਾ ਹੀ ਆਪਣੇ ਇਲਾਕੇ ਲਈ ਸਰਕਾਰ ਨੂੰ ਜ਼ੋਰਦਾਰ ਪ੍ਰੇਰਨਾ ਕਰਦੇ ਰਹਿੰਦੇ ਸਨ।

ਇੱਕ ਮਹੰਤ ਦੇ ਰੂਪ ਵਿੱਚ ਉਹ ਆਪਣੀ ਲੁਬਾਣਾ ਬਰਾਦਰੀ ਦੇ ਧਾਰਮਿਕ ਆਗੂ ਅਤੇ ਸਿਆਸੀ ਨੇਤਾ ਸਨ। ਉਹ ਅਪ੍ਰੈਲ1937 ਈਸਵੀਂ ਤੋਂ ਅਸੈਂਬਲੀ ਵਿੱਚ ਆਪਣੀ ਬਰਾਦਰੀ ਦੇ ਨੁਮਾਇੰਦੇ ਚਲੇ ਆ ਰਹੇ ਸਨ। ਉਨ੍ਹਾਂ ਦੀਆਂ ਵਿੱਦਿਅਕ ਖੇਤਰ ਵਿੱਚ ਸੇਵਾਵਾਂ ਬੜੀਆਂ ਸ਼ਲਾਘਾਯੋਗ ਹਨ। ਇਨ੍ਹਾਂ ਨੇ ਪੰਜਾਬ ਦੇ ਪਿਛੜੇ ਜ਼ਿਲ੍ਹਿਆਂ, ਜਿਵੇਂ ਕਿ ਗੁਜਰਾਤ, ਮੁਲਤਾਨ ਅਤੇ ਸ਼ੇਖੂਪੁਰਾ ਵਿੱਚ ਕਈ ਹਾਈ ਸਕੂਲ ਖੋਹਲੇ, ਜਿਨ੍ਹਾਂ ਵਿਚ ਬਗੈਰ ਕਿਸੇ ਜ਼ਾਤ ਪਾਤ ਦੇ ਭੇਦ ਤੋਂ ਲੋੜਵੰਦ ਅਤੇ ਗਰੀਬ ਬੱਚਿਆਂ ਨੂੰ ਮੁਫਤ ਵਿੱਦਿਆ ਦਿੱਤੀ ਜਾਂਦੀ ਸੀ।

ਇਨ੍ਹਾਂ ਦੇ ਕੁੜੀਆਂ ਦੀ ਵਿਦਿਆ ਵੱਲ ਵੀ ਧਿਆਨ ਦਿੱਤਾ ਅਤੇ ਇਨ੍ਹਾਂ ਲਈ ਦੋ ਮਿਡਲ ਸਕੂਲ ਖੋਹਲੇ।

ਦੇਸ਼ ਦੀ ਵੰਡ ਮਗਰੋਂ ਇਨ੍ਹਾਂ ਨੇ ਪੂਰਬੀ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ, ਜਿੱਥੇ ਕਿ ਗੁਜਰਾਤ ਅਤੇ ਸ਼ੇਖੂਪੁਰੇ ਦੇ ਜ਼ਿਲ੍ਹੇ ਤੋਂ ਆਏ ਕਾਫੀ ਲੋਕ ਵੱਸ ਗਏ ਸਨ, ਦੋ ਹਾਈ ਸਕੂਲ ਖੋਹਲੇ। ਇਸੇ ਤਰ੍ਹਾਂ ਕਈ ਹੋਰ ਅਖਬਾਰਾਂ ਵਾਲਿਆਂ ਨੇ ਭੀ ਆਪ ਜੀ ਨੂੰ ਬੜੇ ਪਿਆਰ ਨਾਲ ਸ਼ਰਧਾ ਦੇ ਫੁੱਲ ਭੇਟ ਕੀਤੇ।

## ਪੰਜਾਬ ਅਸੈਂਬਲੀ ਦੇ ਵਜ਼ੀਰਾਂ ਅਤੇ ਲੀਡਰਾਂ ਵੱਲੋਂ 28 ਫਰਵਰੀ, 1951 ਦੀ ਇਕੱਤਰਤਾ ਵਿੱਚ ਆਪ ਜੀ ਦੇ ਗੁਣਾਂ ਦਾ ਪ੍ਰਗਟਾਵਾ ਤੇ ਸ਼ਰਧਾਂਜਲੀਆਂ

ਸੰਤ ਬਾਬਾ ਪ੍ਰੇਮ ਸਿੰਘ ਜੀ 1937 ਵਿੱਚ ਪਹਿਲੀ ਵਾਰ ਐਮ.ਐਲ.ਏ. ਬਣੇ। ਫਿਰ 1945 ਵਿੱਚ ਦੂਜੀ ਵੇਰ ਐਮ.ਐਲ.ਏ. ਬਣੇ ਤੇ ਆਪਣੀ ਮੌਤਤ ੱਕਅ ਰਥਾਤ2 ਜ ੂਨ,1 950ਤ ੱਕਅ ੈਮ.ਐਲ.ਏ.ਰ ਹੇ।ਿ ਇਸ ਲਈ ਇਤਨੇ ਸਾਲ ਮੈਂਬਰ ਹੋਣ ਦੇ ਨਾਤੇ ਆਪ ਜੀ ਦਾ ਨਾਮ ਸਿਆਸਤ ਵਿੱਚ ਭੀ ਚੰਗੇ ਨੀਤੀਵਾਲਾਂ ਵਿੱਚ ਗਿਣਿਆ ਗਿਆ। ਜਿਸ ਤਰ੍ਹਾਂ ਇੱਕ ਧਾਰਮਿਕ ਵਿਅਕਤੀ ਹੋਣ ਕਰਕੇ ਆਪ ਜੀ ਦਾ ਨਾਮ ਚੰਗੇ ਮਹਾਂਪੁਰਖਾਂ ਵਿੱਚ ਪ੍ਰਗਟ ਸੀ।

ਹੇਠ ਲਿਖੇ ਉੱਘੇ ਵਿਅਕਤੀਆਂ ਨੇ ਆਪ ਜੀ ਦੀ ਸ਼ਖਸੀਅਤ ਤੇ ਚਾਨਣਾ ਪਾਇਆ।

## ਮੁੱਖ ਮੰਤਰੀ ਡਾ. ਗੋਪੀ ਚੰਦ ਭਾਰਗੋ

ਮਹੰਤ ਪ੍ਰੇਮ ਸਿੰਘ ਜੀ ਇੱਕ ਧਾਰਮਿਕ ਪੁਰਸ਼ ਸਨ, ਜਿਨ੍ਹਾਂ ਨੇ ਪਿਛੜੀਆਂ ਜਾਤੀਆਂ, ਖਾਸ ਕਰਕੇ ਸਿੱਖਾਂ ਦੀ ਵਿੱਦਿਅਕ ਉਨਤੀ ਲਈ ਬਹੁਤ ਕੁੱਝ ਕੀਤਾ।

ਉਹ ਇੱਕ ਸਮਾਜ ਸੁਧਾਰਕ ਸਨ ਤੇ ਉਨ੍ਹਾਂ ਨੇ ਕੁਰੀਤੀਆਂ ਨੂੰ ਦੂਰ ਕਰਨ ਦਾ ਪ੍ਰਚਾਰ ਕੀਤਾ। ਇਹ ਗੁਜਰਾਤ ਜ਼ਿਲ੍ਹੇ ਦੇ ਵਸਨੀਕ ਸਨ ਅਤੇ ਇਨ੍ਹਾਂ ਨੇ ਰਫਿਊਜੀਆਂ ਦੀ ਅਤਿਅੰਤ ਸੇਵਾ ਕੀਤੀ। ਲੁਬਾਣੇ, ਜੋ ਕਿ ਪੰਜਾਬ ਵਿੱਚ ਇਕ ਮਹੱਤਵਪੂਰਨ ਮਾਰਸ਼ਨ ਕਬੀਲਾ ਸਨ, ਇਨ੍ਹਾਂ ਨੂੰ ਆਪਣਾ ਧਾਰਮਿਕ ਨੇਤਾ ਸਮਝਦੇ ਸਨ।

ਸਾਰਾ ਜਗਤ, ਖਾਸ ਤੌਰ ਤੇ ਸਿੱਖ ਇਨ੍ਹਾਂ ਦਾ ਬੜਾ ਆਦਰ-ਮਾਣ ਕਰਦੇ ਸਨ।

## ਭੀਮ ਸੈਨ ਸੱਚਰ

ਮਹੰਤ ਪਰੇਮ ਸਿੰਘ ਜੀ ਇੱਕ ਸੁਝਲੇ ਹੋਏ ਪੁਰਸ਼ ਸਨ, ਜੋ ਕਿ ਅੱਜ ਸਾਡੇ ਵਿੱਚ ਨਹੀਂ ਹਨ,ਉਹ ਚੁਪਚਾਪ ਬਗੈਰ ਕਿਸੇ ਵਿਖਾਵੇ ਦੇ ਕੰਮ ਕਰਨ ਵਾਲੇ ਸਨ।

## ਸ੍ਰ. ਪ੍ਰਤਾਪ ਸਿੰਘ ਕੈਰੋਂ

ਮਹੰਤ ਪਰੇਮ ਸਿੰਘ ਅਸਲ ਵਿੱਚ ਦੇਵਤਾ ਸਨ। ਉਹ ਘੱਟ ਬੋਲਦੇ ਸਨ, ਪਰ ਉਨ੍ਹਾਂ ਦੇ ਵਿੱਚ ਹਰ ਇਕ ਲਈ ਅਥਾਹ ਪਿਆਰ ਸੀ। ਇਨ੍ਹਾਂ ਨੇ ਲੁਬਾਣਾ ਬਰਾਦਰੀ ਦੀ ਉਨਤੀ ਲਈ ਸੁਘੜ ਸੇਵਾ ਕੀਤੀ। ਆਪ ਜੀ ਦੇ ਵਿਛੜਨ ਨਾਲ ਮੇਰੇ ਖਿਆਲ ਵਿੱਚ ਇਸ ਬਰਾਦਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਚੌਧਰੀ ਸੂਰਜ ਮਲ

ਮਹੰਤ ਪਰੇਮ ਸਿੰਘ ਜੀ ਵਰਗੇ ਪੁਰਸ਼ਾਂ ਦਾ ਚਲੇ ਜਾਣਾ ਸਿਰਫ ਇਸ ਅਸੈਂਬਲੀ ਲਈ ਹੀ ਨਹੀਂ ਬਲਕਿ ਸਾਰੇ ਸੂਬੇ ਲਈ ਇੱਕ ਘਾਟਾ ਹੈ। ਮਹੰਤ ਪ੍ਰੇਮ ਸਿੰਘ ਸਾਡੇ ਇੱਕ ਪੁਰਾਣੇ ਮਿੱਤਰ ਸਨ। ਉਹ ਇਕ ਐਸੇ ਵਿਅਕਤੀ ਸਨ, ਜੋ ਸੂਬੇ ਦੇ ਲੋਕਾਂ ਦੀ ਭਲਾਈ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।

**(ਚੱਲਦਾ)**

ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

ਗੁਰਚਰਨ ਸਿੰਘ ਨੂਰਪੁਰ



28 ਸਤੰਬਰ, 1907 ਨੂੰ ਜਨਮਿਆ ਪੰਜਾਬੀਆਂ ਦਾ ਮਾਣ ਅਤੇ ਭਾਰਤ ਮਾਂ ਦਾ ਲਾਡਲਾ ਪੁੱਤਰ ਸ਼ਹੀਦ ਭਗਤ ਸਿੰਘ ਛੋਟੀ ਜਿਹੀ ਉਮਰ ਵਿਚ ਵੱਡੀ ਕੁਰਬਾਨੀ ਕਰਕੇ 23 ਮਾਰਚ, 1931 ਨੂੰ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ। 23 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, 'ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।' ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਲਗਦਾ ਹੈ। ਉਸ ਦੀ ਸ਼ਖ਼ਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆ ਵਿਚ ਬਹੁਤ ਘੱਟ ਹਨ। ਬਹੁਤ ਘੱਟ ਸਮੇਂ ਵਿਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ 'ਤੇ ਹੋ ਰਹੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਕਰਨ ਵਾਲਾ ਇਹ ਮਹਾਂਨਾਇਕ ਅੱਜ ਕਰੋੜਾਂ ਲੋਕਾਂ ਦਾ ਰਾਹ-ਦਸੇਰਾ ਹੈ। ਅੱਠ ਦਹਾਕੇ ਪਹਿਲਾਂ ਭਗਤ ਸਿੰਘ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਦਿੱਤੀ, ਪਰ ਉਹ ਕਿਤੇ ਗਿਆ ਨਹੀਂ, ਉਹ ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਦਾ ਹੈ। ਅੱਜ ਵੀ ਉਹ ਦੇਸ਼ ਦੀ ਨੌਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ! ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਈਏ।

ਦੇਸ਼ ਨੂੰ ਆਜ਼ਾਦ ਹੋਇਆਂ ਅੱਜ 68 ਤੋਂ ਵੱਧ ਸਾਲ ਬੀਤ ਗਏ ਹਨ। ਅੱਜ ਦੇਸ਼ ਦੀ 45 ਫ਼ੀਸਦੀ ਆਬਾਦੀ ਦਾਲ ਰੋਟੀ ਲਈ ਮੁਥਾਜ ਹੈ। ਰਾਜ ਕਰਨ ਵਾਲੀਆਂ ਸਰਕਾਰਾਂ ਗਰੀਬ ਲੋਕਾਂ ਨੂੰ ਸਸਤੇ ਆਟੇ-ਦਾਲ ਦੀ ਖੈਰਾਤ ਪਾ ਕੇ ਇਸ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀਆਂ ਹਨ। ਇਹ ਮਾਣ ਕਰਨ ਵਾਲੀਆਂ ਗੱਲਾਂ ਨਹੀਂ। ਸਗੋਂ ਹੁਣ ਤੱਕ ਬਦਲ-ਬਦਲ ਕੇ ਰਾਜ ਕਰਨ ਵਾਲੇ ਹਾਕਮਾਂ ਲਈ ਸ਼ਰਮਨਾਕ ਗੱਲ ਹੈ। ਜੇਕਰ ਸਾਢੇ ਛੇ ਦਹਾਕੇ ਬੀਤ ਜਾਣ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਦਾਣੇ-ਦਾਣੇ ਦੇ ਮੁਥਾਜ ਹਨ ਤਾਂ ਉਹ ਸਮਾਂ ਕਦੋਂ ਆਵੇਗਾ ਜਦੋਂ ਦੇਸ਼ ਦੇ ਇਹ ਦੱਬੇ-ਕੁਚਲੇ, ਨਪੀੜੇ ਤੇ ਹਾਸ਼ੀਏ 'ਤੇ ਕਰ ਦਿੱਤੇ ਲੋਕ, ਇੱਜ਼ਤ ਤੇ ਸਵੈ-ਮਾਣ ਦੀ ਰੋਟੀ ਖਾ ਸਕਣਗੇ? ਅਜਿਹਾ ਸ਼ਾਇਦ ਦੇਸ਼ ਦੇ ਹਾਕਮਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ। ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਇਹ ਲੋਕ ਅਨਾਜ ਦੇ ਦਾਣੇ ਦਾਣੇ ਦੇ ਮੁਥਾਜ ਹਨ ਅਤੇ ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫ਼ਤ ਨਹੀਂ ਵੰਡਿਆ ਜਾ ਸਕਦਾ ਪਰ ਦੂਜੇ ਪਾਸੇ ਇਹੋ ਸਰਕਾਰਾਂ ਧਨਾਢਾਂ, ਉਦਯੋਗਪਤੀਆਂ, ਵਪਾਰੀਆਂ ਨੂੰ ਕਾਰੋਬਾਰ ਕਰਨ ਲਈ ਕਰੋੜਾਂ ਰੁਪਈਆਂ ਦੀਆਂ ਸਬਸਿਡੀਆਂ ਦੇ ਦਿੰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਸ ਅਤਿ ਭ੍ਰਿਸ਼ਟ ਨਿਜ਼ਾਮ ਲਈ ਲੜੇ ਸਨ। ਅੱਜ ਸਾਡੇ ਬਹੁਤੇ ਨੇਤਾਵਾਂ ਦੀ ਹਰ ਬਿਆਨਬਾਜ਼ੀ ਆਪਣੇ-ਆਪ ਤੋਂ ਸ਼ੁਰੂ ਹੋ ਕੇ ਵੋਟ 'ਤੇ ਖਤਮ ਹੋ ਜਾਂਦੀ ਹੈ। 25-30 ਸਾਲ ਤੱਕ ਵਜ਼ੀਰੀਆਂ ਮਾਨਣ ਵਾਲੇ ਵੀ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਅ ਕੇ ਮਕਰ ਕਰਦਿਆਂ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸ਼ਹੀਦ-ਏ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਸ ਮਹਾਨ ਕਾਰਜ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ ਉਹ ਸੁਪਨਾ ਅਜੇ ਅਧੂਰਾ ਹੈ। ਲਗਭਗ ਪੌਣੀ ਸਦੀ ਬੀਤ ਜਾਣ 'ਤੇ ਵੀ ਜੇਕਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ ਤਾਂ ਪੁੱਛਣਾ ਬਣਦਾ ਹੈ ਕਿ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟ ਬਣੇ ਰਹੇ ਹਨ? ਕੌਣ ਹਨ ਜਿਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਵਾਰ ਵਾਰ ਵਾਅਦੇ ਕੀਤੇ ਤੇ ਫਿਰ ਉਨ੍ਹਾਂ ਤੋਂ ਮੁਕਰਦੇ ਰਹੇ? ਆਪਣੇ ਕੁਨਬਿਆਂ ਨੂੰ ਮਾਲਾ-ਮਾਲ ਕੀਤਾ ਅਤੇ ਦੇਸ਼ ਦੀ ਬਹੁ-ਗਿਣਤੀ ਲਈ ਅਤਿ ਭ੍ਰਿਸ਼ਟ ਨਿਜ਼ਾਮ ਪੈਦਾ ਕਰਕੇ ਲੋਕਾਂ ਨੂੰ ਗਰੀਬੀ, ਮੰਦਹਾਲੀ ਅਤੇ ਜਲਾਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ।


ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਫਾਂਸੀ ਦੀ ਉਡੀਕ ਵਿਚ ਬੈਠੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋਵੇਗਾ। ਬਸਤੀਵਾਦੀ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਜਾਵੇਗਾ। ਦੇਸ਼ ਦੇ ਲੋਕ ਆਪਣੀ ਤਕਦੀਰ



ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣਗੇ। ਆਮ ਲੋਕ ਰਾਜ ਭਾਗ ਦੇ ਹਿੱਸੇਦਾਰ ਹੋਣਗੇ, ਦੇਸ਼ 'ਚੋਂ ਅਮੀਰੀ-ਗ਼ਰੀਬੀ ਦਾ ਪਾੜਾ ਖ਼ਤਮ ਹੋਵੇਗਾ, ਦੇਸ਼ ਦੇ ਲੋਕਾਂ ਨੂੰ ਜਲਾਲਤ ਭਰੀ ਗੁਲਾਮੀ ਤੋਂ ਨਿਜ਼ਾਤ ਮਿਲੇਗੀ। ਸਿੱਖਿਆ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ ਅਤੇ ਰੋਜ਼ਗਾਰ 'ਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ। ਪਰ ਇਸ ਦੇ ਉਲਟ ਨਿਆਂ, ਰੋਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਪੁਲਿਸ ਦੀਆਂ ਡਾਂਗਾਂ ਤੇ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੱਕ ਮੰਗਦੇ ਲੋਕਾਂ 'ਤੇ ਪਰਚੇ ਦਰਜ ਕਰਕੇ ਜੇਲਾਂ ਥਾਣਿਆਂ ਵਿਚ ਡੱਕਿਆ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਜਤਿੰਦਰਨਾਥ ਦਾਸ (ਜੇਲ ਵਿਚ 63 ਦਿਨ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋ ਗਏ), ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਵਰਗੇ ਮਹਾਨ ਦੇਸ਼ ਭਗਤਾਂ ਨੇ ਜਾਤਾਂ, ਮਜ਼੍ਹਬਾਂ, ਧਰਮਾਂ ਤੋਂ ਉੱਪਰ ਉੱਠ ਕੇ ਵਤਨ ਦੀ ਗੁਲਾਮੀ ਦਾ ਖਾਤਮਾ ਕਰਨ ਲਈ ਉੱਚੇ-ਸੁੱਚੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ। ਸੁਪਨਾ ਇਹ ਸੀ ਕਿ ਇਸ ਧਰਤੀ ਨੂੰ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾਵੇ, ਤਾਂ ਜੋ ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਦੇਸ਼ ਦੇ ਲੋਕਾਂ ਨੂੰ ਇਨਸਾਨੀਅਤ ਦੇ ਰਾਹ 'ਤੇ ਤੋਰਿਆ ਜਾ ਸਕੇ। ਅੱਜ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ ਅਤੇ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰਕੇ ਦੇਸ਼ ਦੀਆਂ ਕੁਝ ਰਾਜਨੀਤਕ ਪਾਰਟੀਆਂ ਦੇਸ਼ ਦੇ ਲੋਕਾਂ ਨੂੰ , ਧਰਮਾਂ, ਜਾਤਾਂ, ਖਿੱਤਿਆਂ ਵਿਚ ਵੰਡ ਕੇ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। 47 ਤੱਕ ਅਸੀਂ ਬਸਤੀਵਾਦੀ ਹਕੂਮਤ ਦੇ ਗੁਲਾਮ ਸੀ, ਅੱਜ ਸਥਿਤੀ ਉਸ ਤੋਂ ਵੀ ਭਿਆਨਕ ਹੈ। ਅੱਜ ਸਾਡੀਆਂ ਸਰਕਾਰਾਂ ਨੇ ਮੁਲਕ ਨੂੰ ਉਨ੍ਹਾਂ ਹੀ ਧਨਾਢ ਮੁਲਕਾਂ ਦੀਆਂ ਕੰਪਨੀਆਂ ਦੀ ਮੰਡੀ ਬਣਾ ਦਿੱਤਾ ਹੈ। ਕਿਰਤ ਸੱਭਿਆਚਾਰ ਦਾ ਮੁਲਕ 'ਚੋਂ ਖਾਤਮਾ ਹੋ ਰਿਹਾ ਹੈ। ਧਨਾਢ ਕੰਪਨੀਆਂ, ਕਾਰਪੋਰੇਟਰਾਂ ਨੂੰ ਲੋਕਾਂ ਦੀ ਹਰ ਲੋੜ ਬਿਜਲੀ, ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਲੋੜਾਂ 'ਤੇ ਕਬਜ਼ੇ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਛੋਟੇ ਕਿਸਾਨ, ਦੁਕਾਨਦਾਰ, ਮਜ਼ਦੂਰ ਅਤੇ ਹੋਰ ਛੋਟੀਆਂ-ਮੋਟੀਆਂ ਨੌਕਰੀਆਂ ਕਰਨ ਵਾਲੇ ਲੋਕਾਂ ਲਈ ਬੜੀ ਮਾਰੂ ਸਥਿਤੀ ਪੈਦਾ ਕਰ ਦਿੱਤੀ ਗਈ ਹੈ। ਜਿੱਥੇ ਪੂਰੇ ਮੁਲਕ ਵਿਚ ਇਹ ਲੋਕ ਅੱਜ ਜਿਉਂਦੇ ਰਹਿਣ ਲਈ ਜਦੋਜਹਿਦ ਕਰ ਰਹੇ ਹਨ, ਉੱਥੇ ਕੁਝ ਕੁ ਅਮੀਰ ਘਰਾਣਿਆਂ ਦੀਆਂ ਜਾਇਦਾਦਾਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਦੇਸ਼ ਦੇ ਬਹੁ-ਗਿਣਤੀ ਲੋਕ ਇਕ ਅਦਿੱਖ ਗੁਲਾਮੀ ਵੱਲ ਧੱਕ ਦਿੱਤੇ ਗਏ ਹਨ। ਅੰਗਰੇਜ਼ ਹਕੂਮਤ ਦੀ ਗੁਲਾਮੀ ਤਾਂ ਨਜ਼ਰ ਆਉਂਦੀ ਗੁਲਾਮੀ ਸੀ ਜਿਸ ਦੇ ਖਿਲਾਫ਼ ਸਾਡੇ ਵੱਡੇ-ਵਡੇਰਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਆਜ਼ਾਦੀ ਹਾਸਲ ਕੀਤੀ ਪਰ ਅੱਜ ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਲੋਕਾਂ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹ ਕੇ ਲੋਕਾਂ ਲਈ ਇਕ ਵੱਡੇ ਸੰਘਰਸ਼ ਦਾ ਪਿੜ ਤਿਆਰ ਕੀਤਾ ਹੈ।

ਅਸੈਂਬਲੀ ਹਾਲ ਦੇ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਲਿਆਂਦਾ ਗਿਆ ਸੀ। ਇੱਥੇ ਹੀ ਉਸ 'ਤੇ ਅੰਗਰੇਜ਼ ਅਫ਼ਸਰ ਸਾਂਡਰਸ ਨੂੰ ਮਾਰਨ ਦਾ ਮੁਕੱਦਮਾ ਚੱਲਿਆ। ਇਸ ਮੁਕੱਦਮੇ 'ਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਭਗਤ ਸਿੰਘ ਨੂੰ ਜੇਲ੍ਹ 'ਚੋਂ ਬਾਹਰ ਕੱਢ ਲਿਆ ਜਾਵੇ। ਜਦ ਇਸ ਗੱਲ ਦਾ ਪਤਾ ਉਸ ਮਹਾਂਨਾਇਕ ਨੂੰ ਲੱਗਾ ਤਾਂ ਉਸ ਨੇ ਇਹ ਕਹਿ ਕੇ ਆਪਣੇ ਸਾਥੀਆਂ ਨੂੰ ਮਨ੍ਹਾਂ ਕਰ ਦਿੱਤਾ ਕਿ ਇਸ ਸਮੇਂ ਮੁਲਕ ਦੇ ਜੋ ਰਾਜਨੀਤਕ ਹਾਲਾਤ ਬਣ ਰਹੇ ਹਨ, ਉਸ ਅਨੁਸਾਰ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ। ਭਗਤ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਦਾ ਆਸ਼ਕ ਸੀ ਪਰ ਵਤਨ ਲਈ ਜਦੋਂ ਉਸ ਦੇ ਇਮਤਿਹਾਨ ਦੀ ਘੜੀ ਆਈ ਤਾਂ ਉਸ ਨੇ ਮੌਤ ਤੇ ਜ਼ਿੰਦਗੀ ਦੋਵਾਂ 'ਚੋਂ ਮੌਤ ਨੂੰ ਚੁਣਿਆ। ਭਗਤ ਸਿੰਘ ਕੁਰਬਾਨੀ ਦਾ ਉਹ ਮੁਜੱਸਮਾ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਊਣ ਅਤੇ ਮਰਨ ਦੀ ਜਾਚ ਦੱਸੀ।

ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਤਾਂ ਸ਼ਹੀਦਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਿਸਾਰ ਦਿੱਤਾ ਗਿਆ। ਸ਼ਹੀਦ ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਯੋਧਿਆਂ ਨਾਲ ਸਬੰਧਤ ਯਾਦਗਾਰਾਂ ਦੀ ਹਾਲਤ ਤਰਸਯੋਗ ਹੈ। ਆਜ਼ਾਦੀ ਪ੍ਰਵਾਨਿਆਂ ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗਿਆਂ ਦੇ ਵਾਰਸ ਅੱਜ ਵੀ ਮਜ਼ਦੂਰੀ ਕਰਕੇ ਆਪਣਾ ਢਿੱਡ ਭਰਨ ਲਈ ਮਜਬੂਰ ਹਨ। ਮਹਾਨ ਦੇਸ਼




ਭਗਤਾਂ ਦੀਆਂ ਯਾਦਗਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਪ੍ਰਤੀ ਅਜਿਹਾ ਵਤੀਰਾ ਸੰਕੇਤ ਕਰਦਾ ਹੈ ਕਿ ਅੱਜ ਰਾਜ ਗੱਦੀਆਂ ਦਾ ਨਿੱਘ ਮਾਨਣ ਵਾਲਿਆਂ ਨੇ ਰਾਜਨੀਤੀ ਨੂੰ ਕਾਰੋਬਾਰ ਬਣਾ ਲਿਆ ਹੈ। ਸ਼ਹੀਦਾਂ ਦੀ ਸੋਚ ਨੂੰ ਸਾਕਾਰ ਕਰਨਾ ਉਨ੍ਹਾਂ ਦੀ ਜ਼ਿਹਨੀਅਤ ਦਾ ਕਦੇ ਵੀ ਹਿੱਸਾ ਨਹੀਂ ਰਿਹਾ।

ਰਾਜ ਗੱਦੀਆਂ ਦੇ ਸੁੱਖ ਮਾਨਣ ਵਾਲਿਆਂ ਨੇ ਸ. ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਅਣਗੌਲਿਆ ਕੀਤਾ, ਇਹ ਉਨ੍ਹਾਂ ਦੀ ਕੁਟਲ ਨੀਤੀ ਦਾ ਹਿੱਸਾ ਸੀ ਪਰ ਸਾਡੇ ਅਖੌਤੀ ਸੱਭਿਆਚਾਰ ਦੇ ਰਾਖਿਆਂ ਨੇ ਵੀ ਉਸ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਮਹਾਨ ਸ਼ਹੀਦ ਦੇ ਸੁਪਨੇ, ਸੋਚ ਅਤੇ ਆਦਰਸ਼ਾਂ ਨੂੰ ਖਤਮ ਕਰਨ ਲਈ ਉਸ ਦੀ ਅਜਿਹੀ ਦਿੱਖ ਨੌਜੁਆਨਾਂ ਅੱਗੇ ਬਣਾਈ ਜਿਵੇਂ ਉਹ ਕੋਈ ਹੈਂਕੜਬਾਜ਼, ਗੁੰਡਾਗਰਦ ਪਰਵਿਰਤੀ ਦਾ ਮਾਲਕ ਹੋਵੇ। ਕੁੰਡੀਆਂ ਮੁੱਛਾਂ, ਹੱਥ ਵਿਚ ਪਿਸਤੌਲ ਅਤੇ ਚਿਹਰੇ 'ਤੇ ਤਿਊੜੀਆਂ ਵਾਲਾ ਭਗਤ ਸਿੰਘ, ਜਿਵੇਂ ਉਸ ਦਾ ਕੰਮ ਬੰਦੇ ਮਾਰਨਾ ਹੀ ਹੋਵੇ। ਉਸ ਦੀਆਂ ਤਸਵੀਰਾਂ ਬਣਾ ਕੇ 'ਖੰਘੇ ਸੀ ਤਾਹੀਂਓ ਟੰਗੇ ਸੀ' ਜਾਂ 'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', ਵਰਗੇ, ਉਸ ਦੀ ਸੋਚ ਤੋਂ ਬਿਲਕੁਲ ਉਲਟ ਫਿਕਰੇ ਲਿਖ ਕੇ ਇਕ ਸਾਜ਼ਿਸ਼ ਤਹਿਤ ਉਸ ਦੀ ਨਿੱਗਰ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਦੀ ਨੌਜੁਆਨ ਪੀੜ੍ਹੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਭਗਤ ਸਿੰਘ ਅਜਿਹੀ ਮਾਨਸਿਕਤਾ ਵਾਲਾ ਨੌਜੁਆਨ ਨਹੀਂ ਸੀ। ਉਹ ਬੰਬ, ਬੰਦੂਕਾਂ, ਬੰਬਾਂ ਨਾਲ ਬੰਦੇ ਮਾਰਨ ਵਾਲਾ ਇਨਕਲਾਬੀ ਨਹੀਂ ਸੀ। ਉਹ ਤਾਂ ਇਕ ਪੜ੍ਹਾਕੂ ਤੇ ਹਰ ਵੇਲੇ ਅਧਿਐਨ ਕਰਨ ਵਾਲਾ ਉਹ ਮਨੁੱਖ ਸੀ, ਜਿਸ ਨੂੰ ਪਤਾ ਸੀ ਕਿ ਸਵੇਰੇ ਤੜਕੇ ਉਸ ਨੂੰ ਫਾਂਸੀ ਲਾਇਆ ਜਾਣਾ ਹੈ, ਉਸੇ ਰਾਤ ਨੂੰ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਲੋਕ ਰੋਹ ਤੋਂ ਡਰਦੀ ਅੰਗਰੇਜ਼ ਹਕੂਮਤ ਨੇ ਉਸ ਨੂੰ ਇਕ ਦਿਨ ਪਹਿਲਾਂ, ਰਾਤ ਨੂੰ ਹੀ ਫਾਂਸੀ ਲਾਉਣ ਦੀ ਸਕੀਮ ਘੜ ਲਈ। ਜੇਲ੍ਹ ਪੁਲਿਸ ਦੇ ਇਕ ਅਫ਼ਸਰ ਨੇ ਜਦੋਂ ਅਚਾਨਕ ਆ ਕੇ ਕਿਹਾ, 'ਸਰਦਾਰ ਜੀ ਚੱਲੋ ਫਾਂਸੀ ਲਾਏ ਜਾਣ ਦਾ ਸਮਾਂ ਹੋ ਗਿਆ ਹੈ।' ਤਾਂ ਉਸ ਨੇ ਕਿਤਾਬ ਤੋਂ ਧਿਆਨ ਹਟਾਏ ਬਗੈਰ ਕਿਹਾ, 'ਰੁਕੋ ਇਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।' ਕਿਤਾਬ ਦੀਆਂ ਕੁਝ ਲਾਇਨਾਂ ਅੱਗੇ ਪੜ੍ਹ ਕੇ ਕਿਤਾਬ ਦਾ ਪੰਨਾ ਮੋੜ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾ ਕੇ ਫਾਂਸੀ ਦੇ ਤਖ਼ਤੇ ਵੱਲ ਤੁਰ ਪਿਆ ਤੇ ਆਪਣੇ ਪਿਆਰੇ ਵਤਨ ਦੀ ਮਿੱਟੀ ਲਈ ਹੱਸਦਾ-ਹੱਸਦਾ ਸ਼ਹੀਦ ਹੋ ਗਿਆ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਦੇਸ਼ ਪ੍ਰਤੀ ਵਿਚਾਰਧਾਰਾ ਨੂੰ ਅੱਜ ਫਿਰ ਨਵੇਂ ਸਿਰਿਓਂ ਘੋਖਣ ਅਤੇ ਵਿਚਾਰਨ ਦੀ ਲੋੜ ਹੈ। ਉਨ੍ਹਾਂ ਦੇ ਆਦਰਸ਼ਾਂ ਨੂੰ ਸਮਝਣ ਦੀ ਲੋੜ ਹੈ। ਉਹ ਕਿਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਅਤੇ ਅੱਜ ਸਾਡੇ ਸਮਾਜ ਦੇ ਕੀ ਹਾਲਾਤ ਬਣ ਰਹੇ ਹਨ ਇਸ 'ਤੇ ਵੱਡੀ ਪੱਧਰ 'ਤੇ ਚਰਚਾ ਕਰਨ ਦੀ ਲੋੜ ਹੈ। ਜਿਸ ਦੇਸ਼ ਵਿਚ ਜਵਾਨੀ ਦਾ ਕੋਈ ਭਵਿੱਖ ਨਾ ਹੋਵੇ, ਲੱਖਾਂ ਬੇਰੁਜ਼ਗਾਰ ਮੁੰਡੇ-ਕੁੜੀਆਂ ਡਿਗਰੀਆਂ, ਡਿਪਲੋਮੇ ਚੁੱਕੀ ਦਰ-ਬ-ਦਰ ਦੀਆਂ ਠੋਕਰਾਂ ਖਾ ਰਹੇ ਹੋਣ, ਜਿਸ ਮੁਲਕ ਦਾ ਹਰ ਪੜ੍ਹਿਆ-ਲਿਖਿਆ ਬੰਦਾ ਇਹ ਸੋਚਦਾ ਹੈ ਕਿ ਕਿਸੇ ਤਰ੍ਹਾਂ ਵੱਡੀ ਰਕਮ ਖਰਚ ਕੇ ਇਸ ਦੇਸ਼ ਨੂੰ ਛੱਡ ਕੇ ਉਹ ਕਿਤੇ ਬਾਹਰ ਜਾ ਵੱਸੇ ਤਾਂ ਕਿ ਉਸ ਦਾ ਅਤੇ ਉਸ ਦੀ ਔਲਾਦ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਕੀ ਇਹ ਉਹ ਦੇਸ਼ ਹੈ, ਜਿਸ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ, ਗ਼ਦਰੀ ਬਾਬਿਆਂ ਅਤੇ ਅਨੇਕਾਂ ਹੋਰ ਸ਼ਹੀਦਾਂ ਨੇ ਸਖ਼ਤ ਸਜ਼ਾਵਾਂ ਝੱਲੀਆਂ, ਘਰ ਪਰਿਵਾਰ ਤਿਆਗੇ, ਦੇਸ਼ ਦੇ ਚੰਗੇ ਭਵਿੱਖ ਲਈ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਕਾਲ ਕੋਠੜੀਆਂ ਵਿਚ ਆਪਣੇ ਤਨ ਗਾਲੇ, ਕਾਲੇ ਪਾਣੀਆਂ ਦੀਆਂ ਮੌਤਾਂ ਤੋਂ ਵੀ ਬੁਰੀਆਂ ਸਜ਼ਾਵਾਂ ਝੱਲੀਆਂ। ਹਰ ਸਾਲ 15 ਅਗਸਤ ਨੂੰ ਭਾਵੇਂ ਆਜ਼ਾਦੀ ਦੇ ਸਰਕਾਰੀ ਜਸ਼ਨ ਮਨਾਏ ਜਾਂਦੇ ਹਨ ਪਰ ਇਹ ਆਜ਼ਾਦੀ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਹੈ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੁਣ ਫਿਰ ਦੇਸ਼ ਨੂੰ ਇਕ ਹੋਰ ਵੱਡੇ ਇਨਕਲਾਬ ਦੀ ਲੋੜ ਹੈ, ਕਿਉਂਕਿ ਭਗਤ ਸਿੰਘ ਨੇ ਕਿਹਾ ਸੀ, 'ਅੰਗਰੇਜ਼ੀ ਗੁਲਾਮੀ ਵਿਰੁੱਧ ਸੰਘਰਸ਼ ਤਾਂ ਸਾਡੇ ਸੰਗਰਾਮ ਦਾ ਪਹਿਲਾ ਮੋਰਚਾ ਹੈ, ਅੰਤਿਮ ਲੜਾਈ ਤਾਂ ਅਸੀਂ ਲੁੱਟ-ਖਸੁੱਟ ਦੇ ਖਿਲਾਫ਼ ਲੜਨੀ ਹੈ।'

# ‘ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ’

**ਡਾ. ਹਰਚੰਦ ਸਿੰਘ ਸਰਹਿੰਦੀ**



ਨਾਰੀ ਦਾ ਨਾਂ ਲੈਂਦਿਆਂ ਹੀ, ਤਿਆਗ, ਸਹਿਨਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਆਪਣੇ ਬੱਚਿਆਂ ਲਈ ਮਮਤਾ, ਪਤੀ ਲਈ ਚਰਿੱਤਰਵਾਨ, ਸਮਾਜ ਲਈ ਦਇਆਵਾਨ ਅਤੇ ਜੀਵਾਂ ਪ੍ਰਤੀ ਵੀ ਰਹਿਮ ਦੀ ਭਾਵਨਾ ਰੱਖਣ ਵਾਲੀ ਮਹਾਂਸ਼ਕਤੀ ਦਾ ਨਾਂ ਨਾਰੀ ਹੈ। ਔਰਤ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਨਾਨਕ ਸਿੰਘ ਲਿਖਦਾ ਹੈ – “ਓ ਇਸਤਰੀ! ਤੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ? ਸਹਿਨਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਮਤਾ ਦੀਆਂ ਕਾਂਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ, ਹੇ ਇਸਤਰੀ ! ਤੂੰ ਕਿੱਥੋਂ ਪ੍ਰਾਪਤ ਕਰ ਲਿਆ? (‘ਅਧ-ਖਿੜਿਆ ਫੁੱਲ’ ਵਿਚੋਂ) ਗੱਲ ਕੀ, ਔਰਤ ਕੁਦਰਤ ਦਾ ਇਕ ਅਜਿਹਾ ਅਦਭੁੱਤ ਤੇ ਰਹੱਸਮਈ ਕਰਿਸ਼ਮਾ ਹੈ, ਜੋ ਆਦਿ-ਕਾਲ ਤੋਂ ਹੀ ਜੀਵਨ ਦਾ ਅੰਮ੍ਰਿਤ ਦਿੰਦਾ ਆ ਰਿਹਾ ਹੈ। ਸੱਚਮੁੱਚ ਹੀ, ਔਰਤ, ਇਕ ਤਰ੍ਹਾਂ ਨਾਲ, ਸਾਰੇ ਸੰਸਾਰ ਦਾ ਭਾਰ ਆਪਣੇ ਨਾਜ਼ੁਕ ਮੋਢਿਆਂ ਉੱਤੇ ਚੁੱਕੀ ਫਿਰਦੀ ਹੈ। ਇੰਜ ਜਾਪਦਾ ਹੈ ਜਿਵੇਂ ਧਰਤੀ, ਬਲਦ ਦਿਆਂ ਸਿੰਙਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ ’ਤੇ ਆ ਟਿਕੀ ਹੋਵੇ! ਦੂਜੇ ਬੰਨੇ, ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ’ਤੇ ਨਿਰਭਰ ਕਰਦਾ ਹੈ, ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿਚ। ਇਸ ਤਰ੍ਹਾਂ ਔਰਤ, ਮਰਦ ਨੂੰ ‘ਰੱਬ’ ਵੱਲੋਂ ਦਿੱਤੀ ਸਭ ਤੋਂ ਸ਼੍ਰੇਸ਼ਠ ਸੌਗਾਤ ਹੈ।

ਸੋ, ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ਼ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੇ ਏਨਾ ਖ਼ੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ, ਕਿਉਂਕਿ :

**ਧਰਤੀ ’ਤੇ, ਜੋ ਕੁਝ ਸੋਹਣਾ ਹੈ**
**ਉਸ ਦੇ ਪਿੱਛੇ ਨਾਰ ਅਵੱਸ਼ ਹੈ**
**ਜੋ ਕੁਝ ਕਿਸੇ ਮਹਾਨ ਹੈ ਰਚਿਆ**
**ਉਸ ਵਿਚ ਨਾਰੀ ਦਾ ਹੀ ਹੱਥ ਹੈ**

**(ਸ਼ਿਵ ਕੁਮਾਰ ਬਟਾਲਵੀ, ‘ਲੂਣਾ’)**

ਸੱਚਮੁੱਚ ਹੀ, “ਵਜੂਦੇ ਜ਼ਨ ਸੇ ਹੈ ਤਸਵੀਰ ਕਾਇਨਾਤ ਮੈਂ ਰੰਗ।”– ਇਕਬਾਲ। ਪਰ ਇਸ ਸਭ ਕੁਝ ਦੇ ਬਾਵਜੂਦ ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਤੇ ਸਮਾਜ ਵਿੱਚ ਉਸ ਦਾ ਸਥਾਨ ਮਰਦਾਂ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦੀ ਪ੍ਰਵਰਿਸ਼ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਉਤੇ ਤੁਰਨ ਦੀ ਲਾਲਸਾ ਨਾ ਜਾਗੇ। ਅਜੀਤ ਕੌਰ, ਜਿਸ ਨੇ ਔਰਤ ਦੀ ਵੇਦਨਾ ਨੂੰ ਆਪਣੀਆਂ ਬਹੁਤੀਆਂ ਲਿਖਤਾਂ ਵਿੱਚ ਕੇਂਦਰ-ਬਿੰਦੂ ਬਣਾਇਆ ਹੈ, ‘ਖਾਨਾਬਦੋਸ਼’ ਵਿੱਚ ਲਿਖਦੀ ਹੈ:–

ਗੁਨਾਹਿ ਅੱਵਲ–ਔਰਤ ਹੋਣਾ
ਗੁਨਾਹਿ ਦੋਮ–ਇਕੱਲੀ ਔਰਤ
ਗੁਨਾਹਿ ਸੋਮ–ਇਕੱਲੀ ਤੇ ਆਪਣੀ ਰੋਟੀ ਆਪ ਕਮਾਂਦੀ ਔਰਤ
ਗੁਨਾਹਿ ਅਜ਼ੀਮ–ਤਰੀਨ–ਆਪਣੀ ਰੋਟੀ ਆਪ ਕਮਾਂਦੀ, ਜ਼ਹੀਨ, ਖੁਦਦਾਰ, ਇਕੱਲੀ, ਔਰਤ ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿੱਚ।

ਔਰਤ ਪ੍ਰਤੀ ਮਰਦ ਦੀ ਨਾਕਾਰਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿੱਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਪ੍ਰਾਚੀਨ ਸਾਹਿਤ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਨਾਥ-ਜੋਗੀਆਂ ਨੇ ਔਰਤ ਜਾਤੀ ਨੂੰ ‘ਬੁਰੇ ਦੀ ਹੱਦ ਤੱਕ’ ਭੰਡਿਆ ਹੈ। ਪਰ ਔਰਤ ਦੇ ਅਕਸ ਨੂੰ ਵਿਗਾੜਨ ਵਿੱਚ ਮਨੂੰ ਮਹਾਰਾਜ ਨੇ ਮੋਹਰੀ ਰੋਲ ਅਦਾ ਕੀਤਾ ਹੈ। ਮਨੂੰ ਰਚਿਤ ਗ੍ਰੰਥ, ਜਿਸ ਨੂੰ ‘ਮਨੂੰ ਸਿਮ੍ਰਤੀ’ ਕਿਹਾ ਜਾਂਦਾ ਹੈ, ਔਰਤ ਲਈ ਤਾਂ ‘ਜ਼ਹਿਰ ਦੀ ਗੰਦਲ’ ਹੈ। ਮਿਸਾਲ ਵਜੋਂ, ਮਨੂੰ ਆਪਣੇ ਗ੍ਰੰਥ ਵਿੱਚ ਲਿਖਦਾ ਹੈ ਕਿ ਵਿਆਹ ਤੋਂ ਬਾਅਦ ਇਸਤਰੀ ਤੇ ਏਨਾ ਭਾਰ ਪਾ ਦਿਓ ਕਿ ਉਸਨੂੰ ਕੁਝ ਸੁੱਝੇ ਹੀ ਨਾਹ। ਉਸ਼ ਦਾ ਕੰਮ ਪਤੀ ਦੀ ਸੇਵਾ ਕਰਨਾ, ਬੱਚੇ ਜੰਮਣਾ, ਕੱਪੜੇ ਧੋਣਾ, ਰੋਟੀ ਪਕਾਉਣਾ, ਭਾਂਡੇ ਮਾਂਜਣਾ ਆਦਿ ਹੈ। ਦੂਜੇ ਪਾਸੇ ਮਨੂੰ ਮਹਾਰਾਜ ਨੇ ਮਰਦ ਨੂੰ ਖੁਬ ਖੁੱਲ੍ਹਾਂ



ਬਖਸ਼ੀਆਂ ਹਨ। ਮਿਸਾਲ ਵਜੋਂ ਮਨੂੰ ਕਹਿੰਦਾ ਹੈ ਕਿ ਜੇ ਪਤਨੀ ਮਰ ਜਾਵੇ ਤਾਂ ਪਤੀ ਨੂੰ ਚਾਹੀਦਾ ਹੈ ਕਿ ਪਤਨੀ ਨੂੰ ਅੱਗ ਦੀ ਭੇਟ ਕਰ ਦੇਣ ਤੋਂ ਬਾਅਦ ਦੂਜਾ ਵਿਆਹ ਕਰ ਲਵੇ ਤੇ ਉਸ ਨੂੰ ਗਰਭ-ਯੋਗ ਬਣਾਉਣ ਵਿੱਚ ਮਸਤ ਹੋ ਜਾਵੇ। ਇਸ ਦੇ ਉਲਟ, ਵਿਧਵਾ ਲਈ ਹਦਾਇਤ ਹੈ ਕਿ ਉਹ ਪਰਾਏ ਪੁਰਸ਼ ਦਾ ਕਦੇ ਨਾਂ ਵੀ ਨਾ ਲਵੇ।

ਜ਼ਾਹਿਰ ਹੈ, ਔਰਤ ਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਹੌਲੀ ਹੌਲੀ ਗੱਲ ਇੱਥੇ ਤੱਕ ਅੱਪੜ ਗਈ ਕਿ 'ਜ਼ਰ, ਜੋਰੂ ਤੇ ਜ਼ਮੀਨ' ਨੂੰ ਇਕੋ ਨਜ਼ਰ ਨਾਲ ਵੇਖਿਆ ਜਾਣ ਲਗਾ ਪਿਆ। ਗੱਲ ਕੀ, ਮਨੂੰ ਨੇ ਔਰਤ ਨੂੰ ਇੱਕ ਨਿਰਜਿੰਦ ਵਸਤੂ ਬਣਾ ਦਿੱਤਾ; ਬੱਸ ਭੋਗਣ ਦੀ ਇੱਕ ਵਸਤੂ। ਹੈਰਾਨੀ ਦੀ ਗੱਲ ਹੈ ਕਿ ਸਾਡੇ ਲਈ ਉੱਚ ਰੁਤਬੇ ਵਾਲੇ ਧਾਰਮਿਕ ਰਹਿਬਰਾਂ ਨੇ ਵੀ ਔਰਤ ਪ੍ਰਤੀ ਘਟੀਆ ਸੋਚ ਦਾ ਪਸਾਰਾ ਕੀਤਾ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਡੇ ਧਾਰਮਿਕ ਤੇ ਸਿਆਸੀ ਆਗੂ ਇਸ ਪੱਖੋਂ ਹੁਣ ਤੱਕ ਅਵੇਸਲੇ ਹੀ ਰਹੇ ਹਨ।

ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸਵਾਰਥ ਅਨੁਸਾਰ ਢਾਲਿਆ ਜਾਵੇ। ਇਸੇ ਕੁਟਲ ਨੀਤੀ ਤਹਿਤ ਮਰਦ ਨੇ ਇਸਤਰੀ ਦੇ ਸੁਭਾਅ ਬਾਰੇ ਇਹ ਢਕੌਂਸਲਾ ਘੜ ਲਿਆ ਹੈ ਕਿ "ਇਸਤਰੀ ਨੂੰ ਕੁਦਰਤ ਨੇ ਕੁਝ ਇਸ ਤਰ੍ਹਾਂ ਬਣਾਇਆ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਕੇਵਲ ਇੱਕ ਨਾਲ ਪਿਆਰ ਕਰਦੀ ਹੈ ਅਤੇ ਉਸ ਉਤੇ ਆਪਣੀ ਜਾਨ ਨਿਛਾਵਰ ਕਰ ਦਿੰਦੀ ਹੈ।" ਅਤੇ ਪੁਰਸ਼ ਦੇ ਸੁਭਾਅ ਬਾਰੇ ਮਰਦ ਦਾ ਕਹਿਣਾ ਹੈ ਕਿ "ਪੁਰਸ਼ ਦੇ ਸੁਭਾਅ ਵਿੱਚ ਵੰਨ-ਸੁਵੰਨਤਾ ਹੈ। ਉਹ ਇੱਕ ਤੋਂ ਵੱਧ ਪਤਨੀਆਂ ਦੀ ਲਾਲਸਾ ਰੱਖਦਾ ਹੈ ਤੇ ਹਰ ਵੇਲੇ ਨਵੀਂ ਇਸਤਰੀ ਵੱਲ ਰੁਚਿਤ ਰਹਿੰਦਾ ਹੈ।" ਚਲੋ! ਮੰਨ ਲੈਂਦੇ ਹਾਂ। ਪਰ ਹਰ ਇਸਤਰੀ, ਮਹੀਨੇ ਦੇ ਕੁਝ ਖਾਸ ਦਿਨਾਂ ਦੌਰਾਨ ਵਾਰ ਵਾਰ ਇੱਕ ਮਰਦ ਦਾ ਸਾਥ ਲੋਚਦੀ ਹੈ ਅਤੇ ਉਹ ਮਰਦ ਕੋਈ ਵੀ ਹੋ ਸਕਦਾ ਹੈ, ਜਿਹੜਾ ਉਸ ਨੂੰ ਉਸ ਅਰਸੇ ਦੌਰਾਨ ਟੱਕਰ ਜਾਵੇ। ਪਰ ਭਾਰਤੀ ਨਾਰੀ ਇਸਤਰੀ ਕਾਮ-ਵੇਗ ਵਿੱਚ ਮਰਦ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਪਰ ਉਹ ਝਿਜਕਦੀ ਹੈ, ਸੰਕੋਚ ਕਰਦੀ ਹੈ, ਕਿਉਂਕਿ ਉਹ ਇੱਕ ਭਾਰਤੀ ਨਾਰੀ ਹੈ।

ਦਰਅਸਲ, ਭਾਰਤੀ ਸਮਾਜ ਵਿੱਚ ਔਰਤ ਲਈ ਥਾਂ-ਥਾਂ 'ਤੇ ਬੰਦਿਸ਼ਾਂ ਹਨ। ਇੱਥੋਂ ਤੱਕ ਕਿ ਉਸ ਦੇ ਹੱਸਣ 'ਤੇ ਵੀ ਜੰਦਰੇ ਲੱਗੇ ਹੋਏ ਹਨ ਅਤੇ ਰੋਣ 'ਤੇ ਵੀ ਪਾਬੰਦੀਆਂ ਆਇਦ ਹਨ (ਜੇ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਚਲਿੱਤਰ ਕਰਦੀ ਹੈ।) ਸਭ ਤੋਂ ਵਧ ਕੇ ਬਲਾਤਕਾਰ ਤੇ ਖਤਰੇ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ "ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ 'ਤੇ ਹੋ ਰਿਹਾ ਹੈ। ਕੁਝ ਨੂੰ ਨੌਕਰੀ ਹਾਸਲ ਕਰਨ ਲਈ ਤੇ ਫਿਰ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ 'ਗਲਤ ਕੰਮ' ਕਰਨੇ ਪੈਂਦੇ ਹਨ।" ਦੂਜਾ, ਔਰਤ ਚਾਹੇ ਕੰਮਕਾਰੀ ਹੋਵੇ ਜਾਂ ਘਰੇਲੂ, ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ 'ਪ੍ਰਮੇਸ਼ਰ' ਉਸਦੇ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ, ਇੱਕ ਗੀਤ ਦੀ ਜ਼ੁਬਾਨੀ ਇਉਂ ਲਲਕਾਰਦਾ ਹੈ : "ਕਰਦੂੰ ਗਜ ਵਰਗੀ, ਜੇ ਮੁੜਕੇ ਬਰਾਬਰ ਬੋਲੀ।" ਇਵੇਂ ਹੀ ਜਵਾਨ ਵਿਧਵਾ ਦੀਆਂ ਆਪਣੀਆਂ ਮਜਬੂਰੀਆਂ ਹਨ। ਵਿਧਵਾ ਨੂੰ ਕਟੀ ਪਤੰਗ ਸਮਝਿਆ ਜਾਂਦਾ ਹੈ, ਜਿਸ ਦੀ ਡੋਰ ਲੁੱਟਣ ਲਈ ਕਈ ਮਰਦ (ਮੁਸਟੰਡੇ) ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਇਹ ਵੀ ਇੱਕ ਸੱਚਾਈ ਹੈ ਕਿ ਜੇ ਪਤੀ ਮਰ ਜਾਵੇ ਤਾਂ ਪਤਨੀ ਸਾਰੀ ਉਮਰ ਇਕੱਲੀ ਰਹਿ ਕੇ ਔਲਾਦ ਨੂੰ ਸਾਂਭਦੀ ਹੈ, ਜਦੋਂ ਕਿ ਮਰਦ, ਆਮ ਤੌਰ 'ਤੇ ਚਾਲਾਕ, ਮੱਕਾਰ ਤੇ ਮੌਕਾਪ੍ਰਸਤ ਹੁੰਦੇ ਹਨ (ਜੇ ਪਤਨੀ ਕਿਸੇ ਗੰਭੀਰ ਰੋਗ ਤੋਂ ਪੀੜਤ ਹੋਵੇ ਤਾਂ ਪਤੀ ਦੇਵ ਕਈ ਵਾਰ ਐਡਵਾਂਸ ਬੁਕਿੰਗ ਵੀ ਕਰਵਾ ਕੇ ਰੱਖਦਾ ਹੈ)।

ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਔਰਤ ਲਈ ਪੈਰ-ਪੈਰ 'ਤੇ ਰੋਣ ਦਾ ਮੁਕਾਮ ਹੈ, ਜਿਵੇਂ ਉਹ ਧੁਰੋਂ ਹੀ ਇਹ ਲੇਖ ਲਿਖਵਾ ਕੇ ਲਿਆਈ ਹੋਵੇ। ਵਿਆਹ ਤੋਂ ਪਹਿਲਾਂ ਵੀ ਉਹ ਜ਼ੰਜ਼ੀਰਾਂ ਵਿੱਚ ਜਕੜੀ ਹੋਈ ਹੈ ਅਤੇ ਵਿਆਹ ਤੋਂ ਬਾਅਦ ਵੀ। ਸੁਰਜੀਤ ਪਾਤਰ ਦੀਆਂ ਸਤਰਾਂ ਹਨ :-

ਇੱਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਹੈ,<br>
ਕੀ ਖੱਟਿਆ ਵਟਣਾ ਮਲਕੇ, ਮਹਿੰਦੀ ਲਾਕੇ।

ਸੱਚ ਤਾਂ ਇਹ ਹੈ ਕਿ 'ਏਸ ਦੇਸ਼ ਦੀ ਹਰ ਧੀ ਦਾ ਮਸਤਕ ਖੋਟਾ ਹੈ।' ਅਜਿਹੇ ਮੰਦਭਾਗੀ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇੱਕ ਟਿੱਸ-ਟਿੱਸ ਕਰਦੇ ਫੋੜੇ ਵਾਂਗੂੰ ਬੋਚ ਕੇ ਰੱਖਦੀ ਹੈ, "ਜਿਵੇਂ ਕਬੂਤਰ ਤੀਰ ਖਾ ਕੇ ਜ਼ਖਮਾਂ ਨੂੰ ਖੰਭਾਂ ਹੇਠ ਛਿਪਾ ਰੱਖਦਾ ਹੈ, ਤਿਵੇਂ ਇਸਤਰੀ ਆਪਣੇ ਦਿਲ

ਵਿੱਚ ਕਿਤਨੇ ਹੀ ਦਰਦ ਛੁਪਾਈ ਰੱਖਦੀ ਹੈ।'-ਵੇਦਵਿਆਸ। ਪਰ ਇਹ ਕਹਿਣਾ ਸ਼ਾਇਦ ਸੱਚ ਦੇ ਜ਼ਿਆਦਾ ਕਰੀਬ ਹੋਵੇਗਾ ਕਿ :-

ਨਾਰੀ ਨਾਮ ਇੱਕ ਐਸੇ ਅਹਿਸਾਸ ਦਾ ਹੈ,
ਜਿਵੇਂ ਜ਼ਖਮ 'ਚ ਪੀੜ ਹੈ ਘੁਲੀ ਰਹਿੰਦੀ।-ਸ਼ਿਵ ਕੁਮਾਰ ਬਟਾਲਵੀ।

ਦੂਜੇ ਪਾਸੇ, ਸੁਤੰਤਰ ਤੇ ਸਵੈਮਾਨੀ ਮਰਦ ਕਿਸੇ ਕੋਲੋਂ ਨਹੀਂ ਡਰਦਾ ਅਤੇ ਨਾ ਹੀ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਇਸਤਰੀ, ਪੁਰਸ਼ ਦੀ ਅਰਧਾਂਗਨੀ (ਅੱਧਾ ਅੰਗ ਹੈ) ਪਰ ਮਰਦ ਵੱਲੋਂ ਇਸਤਰੀ ਨੂੰ ਕਦੇ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ।

ਪੰਜ ਸਦੀਆਂ ਪਹਿਲਾਂ, ਅੱਜ ਨਾਲੋਂ ਕਿਤੇ ਵੱਧ ਔਰਤ ਵਿਰੋਧੀ ਵਾਤਾਵਰਣ ਸੀ। ਉਦੋਂ ਬਾਬਾ ਨਾਨਕ ਨੇ ਸਮਾਜ ਨੂੰ ਸਾਹਮਣਿਓਂ ਲਲਕਾਰਿਆਂ ਅਤੇ ਤੜਪਦੀ ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਇਸ ਕ੍ਰਾਂਤੀਕਾਰੀ ਕਦਮ ਨੂੰ ਅੱਗੇ ਤੋਰਦਿਆਂ, ਗੁਰੂ ਅਮਰ ਦਾਸ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਉਠਾਈ। ਗੁਰੂ ਗੋਬਿੰਦ ਸਿੰਘ ਨੇ ਮਾਤਾ ਸਾਹਿਬ ਦੇਵਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇੱਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ।

ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ, ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਹੋ! ਸੱਚ ਤਾਂ ਇਹ ਹੈ ਕਿ "ਅਸੀਂ ਰੱਬ ਤੋਂ ਉਤਰਕੇ ਔਰਤ ਦੇ ਦੇਣਦਾਰ ਹਾਂ, ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣਯੋਗ ਬਣਾਇਆ।"-ਮਿ. ਸੇਟਲੇਵੋ। ਸੋ, ਜਿਨ੍ਹਾਂ ਰੱਬ ਦਿਆਂ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਵੇਖ ਲਿਆ ਹੈ, ਉਹ ਉਸ ਦੇ ਪੁਜਾਰੀ ਬਣ ਗਏ ਹਨ। ਖੈਰ!

ਜੀਵਨ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇੱਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ, ਆਮ ਤੌਰ 'ਤੇ, ਇੱਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿੱਚ ਲਿਖਿਆ ਹੈ ਕਿ "ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀ।" ਸੋ, ਪਤੀ ਨੂੰ ਆਪਣੀ ਪਤਨੀ ਨਾਲ ਇੱਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸੰਬੰਧ ਵਿੱਚ ਪਾਦਰੀ ਥਿਊਡਰ ਹੇਜ਼ਬਰਗ ਦਾ ਇਹ ਕਥਨ ਕਾਬਿਲ-ਏ-ਗੌਰ ਹੈ: "ਇੱਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ, ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ।"

ਹੁਣ ਤੱਕ ਦੀ ਗੱਲਬਾਤ ਤੋਂ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਔਰਤ ਅਜ਼ੀਮ ਹੈ। ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਵਕਾਲਤ ਕਰਦੇ ਹਨ।....ਪਰ ਔਰਤ ਵਿਰੋਧੀ ਹਰ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਗੱਲ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਸੋ, ਔਰਤ ਨੂੰ ਵੀ ਆਪਣੀ ਸੋਚ ਵਿੱਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ, ਤਾਂ ਕਿ ਕੋਈ ਇਹ ਨਾ ਕਹਿ ਸਕੇ ਕਿ 'ਔਰਤ ਹੀ ਔਰਤ ਦੀ ਦੁਸ਼ਮਣ' ਹੈ।

ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਕੇਵਲ ਉਹ ਸਮਾਜ ਹੀ ਸਭਿਆ ਕਹਾਉਣ ਦਾ ਹੱਕਦਾਰ ਹੈ, ਜਿਸ ਵਿੱਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿੱਚ ਪੰ. ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ "ਕਿਸੇ ਕੌਮ ਵਿੱਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿੱਚੋਂ ਇੱਕ ਹੈ।" ਅਰਸਤੂ ਕਹਿੰਦਾ ਹੈ ਕਿ "ਇਸਤਰੀ ਦੀ ਉਨਤੀ ਅਤੇ ਗਿਰਾਵਟ 'ਤੇ ਹੀ ਰਾਸ਼ਟਰ ਦੀ ਉੱਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।" ਹੋਰ ਤਾਂ ਹੋਰ! ਇਸਤਰੀ ਜਾਤੀ ਦਾ ਸਭ ਤੋਂ ਵੱਡਾ ਦੁਸ਼ਮਣ, ਮਨੂੰ ਵੀ ਇਹ ਕਹਿਣ ਲਈ ਮਜਬੂਰ ਹੈ ਕਿ "ਜਿਸ ਘਰ ਜਾਂ ਖਾਨਦਾਨ ਵਿੱਚ ਇਸਤਰੀਆਂ ਦੀ ਪੂਜਾ ਹੁੰਦੀ ਹੈ, ਭਾਵ ਆਦਰ-ਸਤਿਕਾਰ ਹੁੰਦਾ ਹੈ, ਉਸ ਘਰ 'ਤੇ ਦੇਵਤੇ ਖੁਸ਼ ਰਹਿੰਦੇ ਹਨ ਅਤੇ ਜਿਸ ਘਰ ਵਿੱਚ ਇਸਤਰੀਆਂ ਦੁਖੀ ਹਨ, ਉਥੇ ਕੋਈ ਵੀ ਪੁੰਨ ਨਹੀਂ ਫਲਦਾ। ਉਹ ਘਰ ਛੇਤੀ ਹੀ ਤਬਾਹ ਹੋ ਜਾਂਦਾ ਹੈ।" ਨਿਰਸੰਦੇਹ, ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉੱਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਸ਼੍ਰੋਮਣੀ ਪਰੱਤਕਾਰ ਬੀ.ਐਸ. ਬੀਰ ਦੀਆਂ ਸਤਰਾਂ ਹਨ :-

**"ਸੰਦਲੀ ਪੌਣਾਂ ਝੂਲਦੀਆਂ,**
**ਜਿੱਥੇ ਨਾਰੀ ਦਾ ਸਨਮਾਨ।"**

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ, ਮੋ. 98155-40240, lubanabs@yahoo.co.in**

# ਦੇਖਿਓ ਪੰਜਾਬੀਓ ! ਪੰਜਾਬੀ ਭੁੱਲ ਜਾਇਓ ਨਾ




**ਡਾ. ਕੁਲਵੰਤ ਕੌਰ**
**ਮੁਖੀ ਮਾਈ ਭਾਗੋ ਬ੍ਰਿਗੇਡ**
**ਪਟਿਆਲਵੀ ਪੰਜਾਬੀ ਸੱਥ**


ਪੰਜਾਬੀਅਤ ਭਾਰਤੀ ਸਭਿਆਚਾਰ ਦੀ ਉਹ ਹੁਸੀਨ ਰੰਗਾਂ ਭਰੀ ਤਸਵੀਰਹੈ ਿ ਜਸਦ ਾਜ ਨਮਸ ਦੀਆਂਦ ੇਲ ਗਾਤਾਰਸ ੰਘਰਸ਼ਿ ਵਚੋਂ ਹੋਇਆ।ਿ ਇਸਨੂੰ ਸ ੰਵਾਰਣ,ਿ ਨਖਾਰਣ,ੳ_ਭਾਰਣਅ ਤੇਿ ਇਸਿ ਵਚ ਵੰਨਸੁਵੰਨਤਾ ਪ੍ਰਦਾਨਣ ਵਿਚ ਬਾਬਾ ਫਰੀਦ, ਗੁਰੂ ਪਾਤਿਸ਼ਾਹਾਂ, ਬੁੱਲ੍ਹੇ ਸ਼ਾਹ, ਵਾਰਿਸ, ਹਾਸ਼ਮ ਅਤੇ ਤਮਾਮ ਦੂਸਰੇ ਪੰਜਾਬੀ-ਸਿਰਜਕਾਂ ਦਾ ਉਹ ਬਹੁਮੁੱਲਾ ਯੋਗਦਾਨ ਹੈ ਜਿਸ ਨੂੰ ਅੱਜ ਅਸੀਂ ਮਨੋਂ ਵਿਸਾਰੀ ਬੈਠੇ ਹਾਂ। ਬੋਲੀ, ਖਿੱਤਾ, ਰਹਿਤਲ, ਜਾਤ, ਜਮਾਤ, ਇਤਿਹਾਸ, ਭੂਗੋਲ, ਧਰਮ, ਚਿੰਤਨ, ਵਿਸ਼ਵਾਸ ਅਤੇ ਕਰਮਭੂਮੀ ਭਾਵੇਂ ਮਨੁੱਖੀ-ਪਛਾਣ ਦੇ ਕਈ ਆਧਾਰ ਹੋ ਸਕਦੇ ਹਨ ਪ੍ਰੰਤੂ ਕਿਸੇ ਵੀ ਥਾਂ ਦੀ ਬੋਲੀ ਉਸਨੂੰ ਚਿਰਕਾਲ ਤੋਂ ਇਕ ਵੱਖਰਤਾ ਦੇਂਦੀ ਆਈ ਹੈ। ਪੰਜਾਬੀ ਭਾਵੇਂ ਅੱਜ ਦੇਸਾਂ, ਪ੍ਰਦੇਸਾਂ ਅਤੇ ਵਿਦੇਸ਼ਾਂ ਦੀਆਂ ਸੈਂਕੜੇ ਧਰਤੀਆਂ ਦੇ ਵਸਨੀਕ ਬਣ ਚੁੱਕੇ ਹਨ ਪ੍ਰੰਤੂ ਉਹ ਜਿੱਥੇ ਜਿੱਥੇ ਵੀ ਗਏ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉਨ੍ਹਾਂ ਦੇ ਨਾਲ-ਨਾਲ ਗਈ। ਫਲਸਰੂਪ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਡੈਨਮਾਰਕ ਅਤੇ ਕਈ ਹੋਰ ਦੇਸ਼ਾਂ ਵਿਚ ਪੰਜਾਬੀ ਦੀ ਪੜ੍ਹਾਈ, ਲਿਖਾਈ ਅਤੇ ਇਸ ਦੀ ਸੁਰਜੀਤੀ ਦੇ ਖਾਸ ਉਪਰਾਲੇ ਸਿੱਧ ਕਰਦੇ ਹਨ ਕਿ ਬਾਹਰਲਿਆਂ ਨੇ ਬਾਬਾ ਨਾਨਕ ਦੀ ਮਿੱਠੀ ਬੋਲੀ ਨੂੰ ਹਾਲੇ ਵੀ ਵਿਸਾਰਿਆ ਨਹੀਂ।

ਪੰਜਾਬੀ ਭਾਸ਼ਾ ਦੇ ਜਨਮ ਸਥਾਨ ਤੇ ਪੰਜਾਬੀਅਤ ਵੱਲੋਂ ਇਸਦੀ ਬੇਕਦਰੀ, ਬੇਰੁਖ਼ੀ ਤੇ ਰੱਜ ਕੇ ਅਣਗੌਲਣਾ ਪੰਜਾਬੀ-ਹਿਤੈਸ਼ੀਆਂ ਨੂੰ ਬਹੁਤ ਤਕਲੀਫ ਦਿੰਦੀ ਹੈ। ਪੰਜਾਬੀ ਗੀਤ-ਸੰਗੀਤ ਨੂੰ ਹਿੰਦੀ, ਅੰਗਰੇਜ਼ੀ ਤੇ ਲੱਚਰਤਾ ਦਾ ਤੜਕਾ, ਟੈਲੀਵੀਜ਼ਨ ਐਂਕਰਾਂ ਵੱਲੋਂ ਅਪਾਧਰੀ, ਗ਼ਲਤ ਤੇ ਹਾਸੋਹੀਣੀ ਭਾਸ਼ਾ ਦੀ ਵਰਤੋਂ, ਵਿਆਹ-ਸ਼ਾਦੀਆਂ ਦੇ ਕਾਰਡਾਂ ਤੇ ਨਾਂ-ਤਖ਼ਤੀਆਂ 'ਤੇ ਕੇਵਲ ਅੰਗਰੇਜ਼ੀ ਦਾ ਬੋਲਬਾਲਾ ਵੀ ਪੰਜਾਬੀ ਦੇ ਵਾਰਿਸਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਨ ਦਾ ਸਵੱਬ ਹੈ। ਇਸੇ ਕਰਕੇ ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ ਪੜ੍ਹਾਉਂਦੇ ਕਰਨਾਟਕਾ ਦੇ ਪ੍ਰੋ. ਪੰਡਿਤ ਰਾਓ ਧਰੇਨਵਰ ਗ਼ਿਲਾ ਕਰਦੇ ਹਨ ਕਿ ਪੰਜਾਬੀ ਲੋਕ ਆਪਣੀ ਭਾਸ਼ਾ ਨੂੰ ਪਿਆਰ ਹੀ ਨਹੀਂ ਕਰਦੇ। ਸਰਕਾਰੇ ਦਰਬਾਰੇ ਭਾਵੇਂ ਅੰਕੜੇ ਵਧਾ ਚੜ੍ਹਾ ਕੇ ਦੱਸੇ ਜਾਣ ਪ੍ਰੰਤੂ ਜ਼ਿਆਦਾ ਪੜ੍ਹੇ ਲਿਖੇ ਤੇ ਅੰਗਰੇਜ਼ਾਂ ਦੀ ਜੂਠ ਨੂੰ ਵਡਿਆਉਂਦੇ ਲੋਕ ਪੰਜਾਬੀ ਨੂੰ ਗੰਵਾਰਾਂ, ਅਨਪੜ੍ਹਾਂ ਤੇ ਪੇਂਡੂਆਂ ਦੀ ਭਾਸ਼ਾ ਸਮਝਦਿਆਂ, ਸਭ ਲਿਖਾ-ਪੜ੍ਹੀ, ਅੰਗਰੇਜ਼ੀ ਵਿਚ ਹੀ ਕਰਨ ਨੂੰ ਪਹਿਲ ਦਿੰਦੇ ਹਨ। ਕੀ ਅੱਜ ਨੀਲੋਂ ਦੇ ਗੀਤ ਦੇ ਇਹ ਬੋਲ ਕਿਸੇ ਦੀ ਵੀ ਜ਼ੁਬਾਨ 'ਤੇ ਹਨ?

**ਸੌ ਜਾ ਬੱਬੂਆ ! ਮਾਣੋਂ ਬਿੱਲੀ ਆਈ ਹੈ।**

'ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ' ਵਾਲੀ ਸ਼ਿੱਦਤ ਅੱਜ ਸਾਰੇ ਪੰਜਾਬੀਆਂ ਵਿਚ ਤਾਂ ਕੀ ਲੇਖਕਾਂ ਵਿਚ ਵੀ ਲੱਭਿਆਂ ਨਹੀਂ ਲੱਭਦੀ। ਦੇਖਣ ਵਿਚ ਤਾਂ ਇਹ ਵੀ ਆ ਰਿਹਾ ਹੈ ਕਿ ਅਮੀਰ ਮਾਪੇ ਅੱਜ ਕੱਲ੍ਹ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਆਪਣੇ ਲਾਡਲਿਆਂ ਲਈ ਪੰਜਾਬੀ ਦੀਆਂ ਟਿਊਸ਼ਨਾਂ ਰੱਖ ਰਹੇ ਹਨ। ਅੰਗਰੇਜ਼ਾਂ ਨੂੰ ਗਿਆਂ ਅੱਧੀ ਸਦੀ ਤੋਂ ਕਿਤੇ ਵੱਧ ਸਮਾਂ ਬੀਤ ਚੁੱਕੈ ਪ੍ਰੰਤੂ ਉਨ੍ਹਾਂ ਦਾ ਵਿਛਾਇਆ ਭਾਸ਼ਾਈ ਅਤੇ ਸਭਿਆਚਾਰਕ ਇੰਦਰਜਾਲ ਅੱਜ ਵੀ ਮੌਜੂਦ ਹੈ। ਬੱਚਿਆਂ ਦੀ ਤਰੱਕੀ ਅਤੇ ਵਿਦੇਸ਼ੀਂ ਜਾ ਵੱਸਣ ਦੀ ਲਲਕ ਕਾਰਨ ਅੱਜ ਸਭ ਮਾਪੇ ਅੰਗਰੇਜ਼ੀ ਦੇ ਭਰਮ-ਜਾਲ ਵਿਚ ਜਕੜੇ ਪਏ ਹਨ ਪ੍ਰੰਤੂ ਲੋਰੀਆਂ ਤੋਂ ਵੈਣਾਂ ਤੱਕ ਅਤੇ ਸੁਪਨਿਆਂ ਦੀ ਨਿੱਘੀ ਗੋਦ ਦਾ ਰਿਸ਼ਤਾ ਨਿਭਾਉਣ ਵਾਲੀ ਮਾਂ-ਬੋਲੀ ਬਾਰੇ ਜਦੋਂ ਵੱਡੇ-ਵੱਡੇ ਅਦਾਰਿਆਂ ਦੇ ਸਰਵੇਖਣ ਬੇਹੱਦ ਚਿੰਤਾਜਨਕ ਖ਼ੁਲਾਸੇ ਤੇ ਸੰਕੇਤ ਦਿੰਦੇ ਹਨ ਤਾਂ ਪਟਰਾਣੀ ਤੋਂ ਦਾਸੀ ਬਣਾਈ ਜਾ ਰਹੀ ਮਾਂ-ਬੋਲੀ ਬਾਰੇ ਜਾਗਰੂਕ ਹੋਣਾ ਹਰੇਕ ਜਾਗਦੀ ਜ਼ਮੀਰ ਵਾਲੇ ਪੰਜਾਬੀ ਦਾ ਪਹਿਲਾ ਫ਼ਰਜ਼ ਬਣ ਜਾਂਦੈ। ਪੰਜਾਬੀ ਸੱਥਾਂ ਦੇ ਮੁੱਖ ਸੇਵਾਦਾਰ ਦੀ ਇਹ ਗੱਲ ਕਿੰਨੀ ਵਜ਼ਨਦਾਰ ਹੈ ਕਿ 'ਸਾਡਾ ਇਕੋ ਮਕਸਦ ਆਉਣ ਵਾਲੇ ਵੇਲਿਆਂ 'ਚ ਪੰਜਾਬ ਦੇ ਵੱਢੇ-ਟੁੱਕੇ ਟੋਟਿਆਂ ਵਿਚ ਸਾਂਝਾ ਵਧਾਉਣ ਦਾ ਏ। ਵਧੇ ਫੁੱਲੇ ਹਿੰਦੁਸਤਾਨ ਤੇ ਘੁੱਗ ਵੱਸੇ ਪਾਕਿਸਤਾਨ ਅਸਾਂ ਤੇ ਆਪਣੀ ਮਾਂ ਬੋਲੀ ਤੇ ਮਾਂ-ਮਿੱਟੀ ਦੇ ਮੋਹ ਕਾਰਨ ਘੁੱਗੀਆਂ, ਕਬੂਤਰ, ਮੋਰ, ਚਿੜੀਆਂ ਤੇ ਤੋਤੇ ਉਡਾਏ ਨੇ, ਅੰਮ੍ਰਿਤਸਰੀ ਡੋਰਾਂ ਨਾਲ ਲਾਹੌਰ ਦੀਆਂ ਹਵੇਲੀਆਂ ਤੋਂ ਗੁੱਡੀਆਂ ਚੜ੍ਹਾਈਆਂ ਨੇ। ਮਾਖਿਓ ਮਿੱਠੀ ਪੰਜਾਬੀ ਜ਼ੁਬਾਨ ਦੀ ਅਮੀਰੀ, ਇਹਦੇ ਸ਼ਬਦਾਂ ਦੇ ਭੰਡਾਰ ਨੂੰ ਇੰਞ ਰੱਖਣ ਲਈ ਜਤਨ ਕੀਤਾ ਏ। ਸਾਨੂੰ ਧੁਰ ਅੰਦਰੋਂ ਏਹ ਸੋਚ ਵੱਢ ਵੱਢ ਖਾਈ ਜਾ ਰਹੀ ਏ ਕਿ ਜੇ ਅਸਾਂ ਸੁਚੇਤ ਕੋਸ਼ਿਸ਼ਾਂ ਨਾ ਕੀਤੀਆਂ ਤਾਂ ਗੁੱਜਰਾਂਵਾਲੇ ਅਤੇ ਲੁਧਿਆਣੇ ਵਾਲਿਆਂ ਦੀਆਂ ਅਗਲੇਰੀਆਂ ਪੁਸ਼ਤਾਂ ਨੂੰ ਕਿਧਰੇ ਇਕ ਦੂਜੇ ਦੀ ਜ਼ੁਬਾਨ ਸਮਝਣ ਲਈ ਦੋ-ਭਾਸ਼ੀਏ ਹੀ ਨਾ ਰੱਖਣੇ ਪੈ ਜਾਣ।

ਡਾ. ਨਿਰਮਲ ਸਿੰਘ ਅਤੇ ਮੋਤਾ ਸਿੰਘ ਹੁਰਾਂ ਦੀ ਇਸੇ ਚਿੰਤਾ ਵਿਚੋਂ ਨਿਕਲੀ ਹੈ 'ਪਟਿਆਲਵੀ ਪੰਜਾਬੀ ਸੱਥ' ਦਰਜਨਾਂ ਹੀ ਹੋਰ ਪੰਜਾਬੀ ਸੱਥਾਂ ਦੀ ਨਵੀਂ ਨਵੇਲੀ ਸਾਥਣ। ਜ਼ਿਕਰਯੋਗ ਹੈ ਕਿ ਜਦੋਂ ਜਦੋਂ ਵੀ ਪਟਿਆਲੇ ਦਾ ਜ਼ਿਕਰ ਛਿੜਦੈ, ਝਟਪਟ ਮਨ-ਮਸਤਕ ਵਿਚ ਪਟਿਆਲੇ ਦੇ ਰਾਜਿਆਂ-ਮਹਾਰਾਜਿਆਂ ਵੱਲੋਂ ਪੰਜਾਬੀ ਭਾਸ਼ਾ ਲਈ ਕੀਤੇ ਵਿਸ਼ੇਸ਼ ਜਤਨਾਂ ਅਤੇ ਮਾਂ-ਬੋਲੀਦ ੇਨ ਾਂ' ਤੇਦ ੇਸ਼ਭ ਰਦ ੀਿ ਏਕੋਿ ਏਕਯ_ਨੀਵਰਸਿਟੀ( ਪੰਜਾਬੀ ਯੂਨੀਵਰਸਿਟੀ) ਦਾ ਖ਼ਿਆਲ ਆਉਣਾ ਸੁਭਾਵਿਕ ਹੈ। ਅਜੋਕਾ ਮਾਣਮੱਤਾ ਭਾਸ਼ਾ ਵਿਭਾਗ ਪੰਜਾਬ ਪਟਿਆਲੇ ਦੀ ਆਨ-ਸ਼ਾਨ ਤਾਂ ਹੈ ਹੀ ਸਾਡੇ ਦੂਰਅੰਦੇਸ਼ ਆਕਾਵਾਂ ਦੀ ਮਹਾਨ ਸੋਚ ਦਾ ਫਲ ਵੀ ਹੈ। ਸ. ਉਜਾਗਰ ਸਿੰਘ (ਸਾਬਕਾ ਲੋਕ ਸੰਪਰਕ ਅਫ਼ਸਰ) ਦਾ ਲੇਖ ਇਸ ਵਿਸ਼ੇ 'ਤੇ ਖ਼ੂਬ ਰੋਸ਼ਨੀ ਪਾਉਂਦੈ ਜਿਹੜਾ ਕਿ ਉਨ੍ਹਾਂ ਨੇ ਬਹੁਤ ਮਿਹਨਤ ਨਾਲ ਲਿਖਿਆ ਹੈ।

ਮਨੁੱਖੀ ਜੀਵਨ ਵੰਨ ਸੁਵੰਨਾ, ਖ਼ੂਬਸੂਰਤ ਅਤੇ ਵਿਲੱਖਣ ਹੈ। ਇਸ ਨੂੰ ਵਿਸ਼ਾਲਤਾ ਅਤੇ ਵਿਲੱਖਣਤਾ ਪ੍ਰਦਾਨਣ ਵਿਚ ਬੰਦੇ ਦੀ ਪੜ੍ਹਾਈ-ਲਿਖਾਈ, ਚੌਗਿਰਦਾ, ਪਿਛੋਕੜ, ਸੰਸਕਾਰ, ਮਾਹੌਲ ਅਤੇ ਕਈ ਹੋਰ ਚੀਜ਼ਾਂ

# Working Committee Meeting






# Working Committee Meeting












ਭਵਨ ਦੀ ਸਾਲ 2015 ਦੀ ਡਾਇਰੈਕਟਰੀ-ਕਮ-ਡਾਇਰੀ ਰਿਲੀਜ਼ ਕਰਦੇ ਹੋਏ
ਪ੍ਰਧਾਨ ਸ. ਗੁਰਚਰਨ ਸਿੰਘ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਅਤੇ ਕਮੇਟੀ ਮੈਂਬਰਾਨ

**ਐਨ.ਆਰ.ਆਈ. ਸ. ਗੁਰਵਿੰਦਰ ਸਿੰਘ ਜੀ ਵਰਕਿੰਗ ਕਮੇਟੀ ਮੀਟਿੰਗ ਵਿਚ ਖਾਸ ਤੌਰ ਤੇ ਸ਼ਿਰਕਤ ਕਰਨ ਉਪਰੰਤ ਸਿਰੋਪਾ ਭੇਂਟ ਕਰਦੇ ਹੋਏ ਪ੍ਰਧਾਨ ਸਾਹਿਬ ਅਤੇ ਕਮੇਟੀ ਮੈਂਬਰਾਨ**








ਖ਼ਾਸ ਭੂਮਿਕਾ ਨਿਭਾਉਂਦੀਆਂ ਹਨ। ਚੰਗੀਆਂ, ਉਸਾਰੂ ਅਤੇ ਵਧੀਆ ਕਿਤਾਬਾਂ ਵੀ ਕਿਸੇ ਵਿਅਕਤੀ ਦੀ ਸਖ਼ਸ਼ੀਅਤ ਨੂੰ ਨਿਖਾਰਣ ਵਿਚ ਬਹੁਤ ਯੋਗਦਾਨ ਦਿੰਦੀਆਂ ਹਨ।ਅਕਲ ਦੇ ਵਿਹੜੇ ਪੈਰ ਧਰਨ ਲਈ ਕਿਤਾਬਾਂ ਦੀ ਬਹੁਤ ਵੱਡੀ ਦੇਣ ਹੈ। ਬੌਧਿਕਤਾ ਵੰਨੀਂ ਤੁਰਨ ਲਈ ਪੁਸਤਕਾਂ ਦੀ ਉਂਗਲ ਫੜਨੀ ਲਾਜ਼ਮੀ ਹੈ। ਨਿਵੇਕਲੇ ਸੁਪਨੇ ਸਿਰਜਣ ਅਤੇ ਸਾਕਾਰਨ ਵਿਚ ਕਿਤਾਬਾਂ ਬਹੁਤ ਹੀ ਲਾਹੇਵੰਦ ਹਨ। ਅੰਬਰੀਂ ਗਹਿਰਾਈ ਨਾਪਣ ਅਤੇ ਆਕਾਸ਼ੀ ਉਡਾਰੀਆਂ ਲਾਉਣ ਲਈ ਕਿਤਾਬਾਂ ਹੀ ਪ੍ਰੇਰਿਤ ਅਤੇ ਉਤਸ਼ਾਹਿਤ ਕਰਦੀਆਂ ਹਨ। ਡਾ. ਹਰਚੰਦ ਸਿੰਘ ਸਰਹਿੰਦੀ ਨੂੰ ਡੰਗਰ ਡਾਕਟਰ ਤੋਂ ਉੱਘਾ ਲੇਖਕ ਬਣਾਉਣ ਵਿਚ ਵਧੀਆ ਕਿਤਾਬਾਂ ਨੇ ਇਕ ਮੁੱਲਵਾਨ ਰੋਲ ਅਦਾ ਕੀਤਾ ਹੈ। ਅਜੋਕੇ ਮਨੁੱਖਾਂ ਅਤੇ ਤਿੜਕਦੇ ਸਮਾਜਾਂ ਵਿਚ ਤਣਆਵਾਂ ਅਤੇ ਝਗੜਿਆਂ ਤੋਂ ਬਚਾਅ ਲਈ ਕਿਤਾਬਾਂ ਦਾ ਸੰਗ ਸਾਥ ਨਿਭਾਉਣਾ ਅੱਜ ਦੇ ਸਮੇਂ ਦੀ ਫੌਰੀ ਲੋੜ ਹੈ ਜਿਸ ਦੀ ਭਰਪੂਰ ਸੇਵਾ ਪੰਜਾਬੀ ਸੱਥ ਲਾਂਬੜਾ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ।ਸੈਂਕੜੇ ਵਿਸ਼ਾ-ਅਧਾਰਿਤ ਸਸਤੀਆਂ ਪੁਸਤਕਾਂ ਲਿਖਵਾ, ਛਪਵਾ ਅਤੇ ਵੰਡ ਕੇ ਆਮ ਲੋਕਾਂ ਨੂੰ ਕਿਤਾਬਾਂ ਨਾਲ ਜੋੜਨ ਦੇ ਉਪਰਾਲੇ ਵੀ ਨਿਰੰਤਰ ਜਾਰੀ ਹਨ।

ਦਾਸਰੀ ਦਾ ਸੰਬੰਧ ਇਕ ਉੱਘੇ ਸਾਹਿਤਕ ਪਰਿਵਾਰ ਨਾਲ ਹੈ। ਦੁਆਬੇ ਦਾ ਮਾਣ ਅਤੇ ਪੰਜਾਬੀ ਨਾਟਕ ਦੀ ਸ਼ਾਨ ਡਾ. ਹਰਚਰਨ ਸਿੰਘ ਦੀ ਸਾਹਿਤਕ ਵਾਰਿਸ ਹੁੰਦਿਆਂ (ਪੰਜਾਬ ਵਿਚ ਖਾਸ ਕਰਕੇ) ਉਨ੍ਹਾਂ ਦੀ ਉਮਰ ਭਰ ਦੀ ਘਾਲਣਾ ਨੂੰ ਕਾਇਮ-ਦਾਇਮ ਰੱਖਣਾ ਮੈਂ ਆਪਣੀ ਇਕ ਪਰਿਵਾਰਕ ਜ਼ਿੰਮੇਵਾਰੀ ਸਮਝਦੀ ਹਾਂ। ਇਸੇ ਜ਼ਿੰਮੇਵਾਰੀ ਨੂੰ ਹੀ ਨਿਭਾਉਂਦਿਆਂ ਜਿੱਥੇ ਸਾਡੇ ਪਰਿਵਾਰ ਨੇ ਆਪਣੇ ਜੱਦੀ ਪਿੰਡ ਉੜਾਪੜ ਵਿਖੇ ਡਾ. ਹਰਚਰਨ ਸਿੰਘ ਪੰਜਾਬੀ ਸੱਥ ਉੜਾਪੜ ਦੋਆਬਾ ਦਾ ਐਲਾਨ ਕੀਤਾ ਉੱਥੇ ਪਟਿਆਲੇ ਬਣੀ ਨਵੀਂ ਪੰਜਾਬੀ ਸੱਥ ਦੇ ਦੋਵੇਂ ਇਨਾਮ ਵੀ ਇਸ ਵਾਰ ਡਾ. ਹਰਚਰਨ ਸਿੰਘ ਅਤੇ ਸਰਦਾਰਨੀ ਧਰਮ ਕੌਰ ਹਰਚਰਨ ਸਿੰਘ ਦੇ ਨਾਵਾਂ 'ਤੇ ਕਰਮਵਾਰ ਉੱਘੇ ਨਾਟਕਕਾਰ ਸ. ਸਤਿੰਦਰ ਸਿੰਘ ਨੰਦਾ ਅਤੇ ਨਾਮਵਰ ਰੰਗ ਕਰਮੀ ਸ੍ਰੀਮਤੀ ਪਰਮਿੰਦਰ ਕੌਰ ਨੂੰ ਦਿੱਤੇ ਜਾ ਰਹੇ ਹਨ। ਦੁਆਬੇ ਵਾਲੇ ਦੋਵੇਂ ਇਨਾਮ ਕ੍ਰਮਵਾਰ ਉੱਘੇ ਸ਼ਾਇਰ ਗੁਰਦਿਆਲ ਰੌਸ਼ਨ ਅਤੇ ਉਭਰਦੀ ਕਵਿੱਤਰੀ ਬੀਬਾ ਰਾਜਵਿੰਦਰ ਕੌਰ ਨੂੰ ਪ੍ਰਦਾਨ ਕੀਤੇ ਜਾ ਰਹੇ ਹਨ।ਸਾਡੇ ਤਾਈ ਜੀ ਸਰਦਾਰਨੀ ਧਰਮ ਕੌਰ 1941 ਵਿਚ ਪਹਿਲੀ ਨਾਰੀ-ਨਾਇਕਾ ਬਣ ਕੇ ਰੰਗ ਮੰਚ 'ਤੇ ਆਏ ਸਨ ਜਦੋਂ ਕਿ ਉਸ ਤੋਂ ਪਹਿਲਾਂ ਕੁੜੀਆਂ/ਔਰਤਾਂ ਦੇ ਰੋਲ ਅਲੂੰਏ ਮੁੰਡੇ ਹੀ ਕਰਿਆ ਕਰਦੇ ਸਨ।ਆਜੀਵਨ ਉਹ ਰੰਗ ਮੰਚ 'ਤੇ ਆਪਣੇ ਪਤੀ ਦੇ ਅੰਗ-ਸੰਗ ਨਿਭੇ।

ਪੰਜਾਬੀ ਸੱਥਾਂ ਦੇ ਸੁਚੱਜੇ ਪ੍ਰਬੰਧਕਾਂ ਨੇ ਦੁਨੀਆਂ ਭਰ ਵਿਚ ਸੱਥਾਂ ਦਾ ਜਾਲ ਵਿਛਾ ਕੇ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਲਈ ਜੋ ਢੁੱਕਵਾਂ ਮਾਹੌਲ ਸਿਰਜਿਆ ਹੈ, ਬਿਨਾਂ ਸ਼ੱਕ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਵਿਚ ਬੈਂਕਾਂ, ਦਫ਼ਤਰਾਂ, ਹਵਾਈ ਅੱਡਿਆਂ ਤੇ ਹੋਰ ਜਨਤਕ ਥਾਵਾਂ 'ਤੇ ਪੰਜਾਬੀ ਬੋਲਣ ਤੇ ਲਿਖਣ ਵਾਲੇ ਮੁਲਾਜ਼ਮਾਂ ਨੂੰ ਨੌਕਰੀਆਂ ਦੇਣੀਆਂ ਅਤੇ ਅੰਗਰੇਜ਼ ਡਾਕਟਰਾਂ ਵੱਲੋਂ ਮਰੀਜ਼ਾਂ ਨਾਲ ਗੱਲਬਾਤ ਕਰਨ ਲਈ ਪੰਜਾਬੀ ਸਿੱਖਣੀ ਆਦਿ ਉਸੇ ਦਾ ਸਿੱਟਾ ਹੈ। ਇਸਦੇ ਉਲਟ, ਵਿਦੇਸ਼ਾਂ ਵਿਚਲੇ ਭਾਰਤੀ ਦੂਤਘਰਾਂ ਵਿਚ ਪੰਜਾਬੀ ਬੋਲਣ ਵਾਲਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਗ਼ੈਰ-ਪੰਜਾਬੀ ਕਰਮਚਾਰੀ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸਦਿਆਂ ਉਨ੍ਹਾਂ ਨੂੰ ਜਵਾਬ ਪੰਜਾਬੀ ਵਿਚ ਨਹੀਂ ਦਿੰਦੇ।

ਪਟਿਆਲਵੀ ਪੰਜਾਬੀ ਸੱਥ ਦੇ ਹੋਂਦ ਵਿਚ ਆਉਂਦਿਆਂ ਹੀ ਇਸ ਦੇ ਸੇਵਾਦਾਰਾਂ ਨੇ ਆਪਣੇ ਜ਼ਿੰਮੇ ਲੱਗੇ ਕਾਰਜ ਆਰੰਭ ਦਿੱਤੇ ਹਨ ਜਿਵੇਂ ਪੰਜਾਬ ਸਕੂਲ ਸਿੱਖਿਆ ਬੋਰਡ ਜ਼ਿਲ੍ਹਾ ਪਟਿਆਲਾ ਅਤੇ ਸੰਗਰੂਰ ਦੇ ਪੰਜਾਬੀ ਵਿਸ਼ੇ ਦੇ ਟੌਪਰਾਂ ਦਾ ਉਨ੍ਹਾਂ ਦੇ ਸਕੂਲਾਂ ਵਿਚ ਜਾ ਕੇ ਸਨਮਾਨ ਕਰਨਾ।ਇਹ ਸੱਥਾਂ ਦੇ ਇਤਿਹਾਸ ਵਿਚ ਵੀ ਅਤੇ ਸਕੂਲ ਬੋਰਡ ਦੇ ਇਤਿਹਾਸ ਵਿਚ ਇਕ ਨਿਵੇਕਲੀ ਪਹਿਲ ਤੇ ਪਿਰਤ ਸੀ ਕਿਉਂਕਿ ਗੱਜਣ ਮਾਜਰਾ (ਮਾਲੇਰਕੋਟਲਾ), ਧੂਰੀ ਤੇ ਰਾਏ ਧਰਾਣਾ (ਸੰਗਰੂਰ) ਅਤੇ ਦੇਵੀਗੜ੍ਹ (ਪਟਿਆਲਾ) ਜਿਹੇ ਪਛੜੇ ਪਿੰਡਾਂ ਤੇ ਇਲਾਕਿਆਂ ਵਿਚ ਜਾ ਕੇ 98% ਤੇ 99% ਅੰਕ ਲੈਣ ਵਾਲੇ ਬੱਚਿਆਂ (ਵਧੇਰੇ ਬੇਟੀਆਂ) ਨੂੰ ਨਕਦ ਇਨਾਮ ਤੇ ਕਿਤਾਬਾਂ ਦੇਣੀਆਂ, ਉਨ੍ਹਾਂ ਦੇ ਪੰਜਾਬੀ ਵਿਸ਼ੇ ਦੇ ਅਧਿਆਪਕਾਂ ਦਾ ਸਨਮਾਨ ਤੇ ਸਕੂਲ-ਮੁਖੀਆਂ ਨੂੰ ਸੱਥ ਦੀਆਂ ਕਿਤਾਬਾਂ ਦੇ ਸੈੱਟ ਪ੍ਰਦਾਨਣੇ ਇਕ ਸੁਨਿਸਚਿਤ ਯੋਜਨਾ ਦਾ ਬਹੁਤ ਵਧੀਆ ਸਿੱਟਾ ਸੀ। ਮਾਂ ਬੋਲੀ ਦੇ ਪ੍ਰਸਾਰ ਵਿਚ ਇਹ ਕਦਮ ਦੂਰ ਅੰਦੇਸ਼ੀ ਦੀ ਸਿਖ਼ਰ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਦੁਨੀਆਂ ਦੇ ਸਮਾਜਿਕ ਅਤੇ ਬੌਧਿਕ ਤੌਰ 'ਤੇ ਜਾਗਰੂਕ ਦੇਸ਼ ਜਿੱਥੇ ਆਪਣੇ ਬੱਚਿਆਂ ਨੂੰ ਮਾਂ-ਬੋਲੀ ਵਿਚ ਸਿੱਖਿਆ ਦਿੰਦੇ ਹਨ ਉੱਥੇ ਅਸੀਂ ਅੱਜ ਵੀ ਅੰਗਰੇਜ਼ਾਂ ਦੀ ਜੂਠ ਚੱਟਣ ਵਿਚ ਮਾਣ ਮਹਿਸੂਸ ਕਰ ਰਹੇ ਹਾਂ।ਆਓ ਪੰਜਾਬੀਓ!ਆਪਣੀ ਮਾਂ-ਬੋਲੀ ਤੇ ਮਾਂ-ਮਿੱਟੀ ਨਾਲ ਜੁੜੀਏ ਤਾਂ ਜੋ ਇਸ ਅਮੋਲਕ ਜੀਵਨ ਦਾ ਕਰਜ਼ਾ ਲਾਹ ਸਕੀਏ।

# ਜ਼ਿੰਦਗੀ ਵਿਚ ਹਾਰ ਦਾ ਸਾਹਮਣਾ ਕਿਵੇਂ ਕਰੀਏ?

ਇੰਟਰਨੈੱਟ ਤੇ ਡਾਕਟਰੀ ਸਾਹਿਤ ਬਾਰੇ ਲਿਖੇ ਖੋਜ ਪੱਤਰ ਪੜ੍ਹ ਰਹੀ ਸੀ ਤਾਂ ਬੜੇ ਮਜ਼ੇਦਾਰ ਅੰਕੜਿਆਂ ਤੇ ਨਜ਼ਰ ਪਾਈ। ਅੰਕੜਿਆਂ ਅਨੁਸਾਰ ਹਿੰਦੁਸਤਾਨ ਦੀ ਜਨਤਾ 100 ਕਰੋੜ ਹੈ ਪਰ ਇਨ੍ਹਾਂ ਵਿੱਚੋਂ ਬਹੁਤੇ ਤਾਂ ਅਜਿਹੇ ਕੰਮਾਂ ਵਿਚ ਫਸੇ ਹਨ ਕਿ ਉਹ ਮਜਬੂਰੀ ਤਹਿਤ ਦੇਸ ਵਾਸਤੇ ਕੁੱਝ ਵੀ ਨਹੀਂ ਕਰ ਸਕਦੇ। ਮਸਲਨ, 47 ਕਰੋੜ ਸਰਕਾਰੀ ਨੌਕਰੀਆਂ ਵਿਚ ਹਨ ਜਿੱਥੇ ਸਮਝਿਆ ਜਾਂਦਾ ਹੈ ਕਿ ਕੰਮ ਕਰਨਾ ਹਰਾਮ ਹੈ। 79,99,998 ਜੇਲਾਂ ਵਿਚ ਤੁੰਨੇ ਪਏ ਹਨ ਜਿਹੜੇ ਕੰਮ ਕਰਨ ਤੋਂ ਮਜਬੂਰ ਹਨ। 1.2 ਕਰੋੜ ਹਸਪਤਾਲਾਂ ਵਿਚ ਕਿਸੇ ਵੀ ਵੇਲੇ ਬੀਮਾਰ ਪਏ ਵੇਖੇ ਜਾ ਸਕਦੇ ਹਨ। 25 ਕਰੋੜ ਸਕੂਲਾਂ ਵਿਚ ਹਨ ਜਿਹੜੇ ਹਾਲੇ ਕੰਮ ਲੱਗੇ ਹੀ ਨਹੀਂ। ਇਕ ਕਰੋੜ ਬੱਚੇ ਪੰਜ ਸਾਲ ਤੋਂ ਛੋਟੀ ਉਮਰ ਦੇ ਹਨ। 15 ਕਰੋੜ ਬੇਰੁਜ਼ਗਾਰ ਫਿਰ ਰਹੇ ਹਨ, ਉਨ੍ਹਾਂ ਨੂੰ ਕੰਮ ਮਿਲ ਹੀ ਨਹੀਂ ਰਿਹਾ। 9 ਕਰੋੜ ਲੋਕ ਰਿਟਾਇਰ ਹੋ ਚੁੱਕੇ ਹਨ ਤੇ ਹੁਣ ਅਰਾਮ ਕਰ ਰਹੇ ਹਨ। ਇਕ ਕਰੋੜ ਆਈ.ਟੀ. ਪ੍ਰੋਫੈਸ਼ਨਲ ਹਨ ਜਿਹੜੇ ਹਿੰਦੁਸਤਾਨ ਵਾਸਤੇ ਕੰਮ ਕਰਨ ਨੂੰ ਰਾਜ਼ੀ ਨਹੀਂ ਹਨ।

ਜੇ ਇਹ ਸਾਰੇ ਅੰਕੜੇ ਜੋੜ ਲਈਏ ਤਾਂ ਰਹਿ ਗਏ ਦੋ ਇਨਸਾਨ। ਇਕ ਤਾਂ ਮੈਂ, ਜਿਹੜੀ ਲੇਖ ਲਿਖ ਰਹੀ ਹਾਂ ਤੇ ਇਕ ਤੁਸੀਂ ਜਿਹੜੇ ਲੇਖ ਪੜ੍ਹ ਰਹੇ ਹੋ। ਤਾਂ ਫੇਰ ਸਾਰੀ ਜ਼ਿੰਮੇਵਾਰੀ ਸਾਡੇ ਦੋਹਾਂ ਦੇ ਸਿਰ ਤੇ ਹੈ। ਇਸ ਲਈ ਹੰਭਲਾ ਮਾਰੋ ਤੇ ਦੇਸ ਵਾਸਤੇ ਕੰਮ ਕਰਨ ਲਈ ਤਿਆਰ ਹੋ ਜਾਵੋ। ਹੈ ਨਾ ਮਜ਼ੇਦਾਰ ਗੱਲ? ਅਜਿਹਾ ਹਾਸਾ ਠੱਠਾ ਜ਼ਿੰਦਗੀ ਦੀਆਂ ਪਰੇਸ਼ਾਨੀਆਂ ਨੂੰ ਘੱਟ ਕਰਨ ਵਿਚ ਬੜਾ ਸਹਾਈ ਹੁੰਦਾ ਹੈ ਕਿਉਂਕਿ ਜ਼ਿੰਦਗੀ ਵਿਚ ਬੜੀ ਵਾਰ ਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਕੁੱਝ ਇਨਸਾਨ ਅਜਿਹੇ ਹਾਲਾਤ ਵਿਚ ਅੰਦਰੋ ਅੰਦਰੀ ਟੁੱਟ ਜਾਂਦੇ ਹਨ। ਇਸੇ ਕਰਕੇ ਕਾਫ਼ੀ ਲੋਕ ਚਾਹੇ ਅਣਚਾਹੇ ਢਹਿੰਦੀ ਕਲਾ ਵਿਚ ਪਹੁੰਚ ਜਾਂਦੇ ਹਨ ਜਾਂ ਖ਼ੁਦਕੁਸ਼ੀ ਵੀ ਕਰ ਜਾਂਦੇ ਹਨ।

ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783



ਆਪਣਾ ਢੋਲ ਵਜਾਉਣਾ ਠੀਕ ਨਹੀਂ ਲਗਦਾ ਪਰ ਮੈਂ ਇਕ ਹੱਡ ਬੀਤੀ ਬਾਰੇ ਵੀ ਜ਼ਿਕਰ ਕਰਨਾ ਚਾਹਾਂਗੀ। ਸਾਲ 2006 ਵਿਚ ਇਕ ਚਿੱਠੀ ਸਾਰੇ ਦਫ਼ਤਰਾਂ ਵਿਚ ਪਹੁੰਚੀ ਕਿ ਭਾਰਤਵਰਸ਼ ਵਿੱਚੋਂ ਕਿਸੇ ਇਕ ਔਰਤ ਨੂੰ ਸਨਮਾਨਿਤ ਕੀਤਾ ਜਾਵੇਗਾ ਜਿਸਨੇ ਕਿਸੇ ਵੀ ਸੋਸਾਇਟੀ ਦੀ ਮਦਦ ਲਏ ਬਿਨਾਂ ਘੱਟੋ ਘੱਟ ਚਾਰ ਸਾਲ ਭਰੂਣ ਹੱਤਿਆ ਰੋਕਣ ਦੇ ਖੇਤਰ ਵਿਚ ਕੰਮ ਕੀਤਾ ਹੋਵੇ। ਇਹ ਫਾਰਮ ਸਬੂਤਾਂ ਸਣੇ ਦਿੱਲੀ ਪੁੱਜਣੇ ਚਾਹੀਦੇ ਸਨ, ਪਰ ਸਕੱਤਰੇਤ ਦਫ਼ਤਰ ਰਾਹੀਂ। ਮੈਂ ਦਰਅਸਲ ਭਰੂਣ ਹੱਤਿਆ ਦੇ ਵਿਰੋਧ ਨੂੰ ਆਪਣੀ ਜ਼ਿੰਦਗੀ ਦਾ ਮਿਸ਼ਨ ਬਣਾ ਲਿਆ ਹੋਇਆ ਹੈ।

ਮੈਨੂੰ ਕਿਉਂਕਿ ਇਸ ਵਿਸ਼ੇ ਤੇ ਕੰਮ ਕਰਦਿਆਂ ਛੇ ਸਾਲ ਹੋ ਚੁੱਕੇ ਸਨ, ਇਸ ਲਈ ਚਾਈਂ ਚਾਈਂ ਫਾਰਮ ਭਰ ਕੇ, ਨਾਲ ਘੱਟੋ ਘੱਟ ਇਕ ਸੌ ਵੀਹ ਸਬੂਤ ਲਾ ਕੇ ਮੈਂ ਡੀ.ਸੀ. ਦਫ਼ਤਰ ਵਿਚ ਆਪਣਾ ਫ਼ਾਰਮ ਦੇ ਦਿੱਤਾ। ਹਫ਼ਤੇ ਬਾਅਦ ਫਾਰਮ ਦੀ ਸਥਿਤੀ ਬਾਰੇ ਪੁੱਛਣ ਗਈ ਤਾਂ ਕਲਰਕ ਤੋਂ ਪਤਾ ਲੱਗਾ ਕਿ ਅਜੇ ਫ਼ਾਰਮ ਚੰਡੀਗੜ੍ਹ ਭੇਜੇ ਨਹੀਂ ਗਏ ਕਿਉਂਕਿ 'ਸਾਹਿਬ' ਦੀ ਸਾਲੀ ਦੇ ਫ਼ਾਰਮ ਤਿਆਰ ਹੋ ਰਹੇ ਹਨ ਜਿਹੜੀ ਹਾਲੇ ਵਤਨੋਂ ਪਾਰ ਹੈ। ਤਿੰਨ ਹਫ਼ਤੇ ਬਾਅਦ ਚੰਡੀਗੜ੍ਹ ਜਾ ਕੇ ਸੱਕਤਰੇਤ ਦਫ਼ਤਰ ਤੋਂ ਪਤਾ ਕੀਤਾ ਜਾਂ ਉੱਥੇ ਸਿਰਫ਼ ਛੇ ਫ਼ਾਰਮ ਭਿਜਵਾਏ ਗਏ ਸਨ ਜਿਹੜੇ 'ਸਾਹਿਬ' ਸਮੇਤ ਕਈ ਉੱਚੇ ਅਹੁਦੇਦਾਰਾਂ ਦੀਆਂ ਭਣੇਵੀਆਂ, ਭਾਣਜੀਆਂ ਹੀ ਸਨ। ਉੱਥੇ 'ਵੱਡੇ ਸਾਹਿਬ' ਨਾਲ ਗੱਲ ਕੀਤੀ। ਵਾਪਸ ਪਟਿਆਲੇ ਆ ਕੇ ਦੁਬਾਰਾ ਫ਼ਾਰਮ ਭਰ ਕੇ ਸਿੱਧਾ ਸਕੱਤਰੇਤ ਦਫ਼ਤਰ ਭਿਜਵਾਇਆ, ਜਿਵੇਂ ਮੈਨੂੰ 'ਵੱਡੇ ਸਾਹਿਬ' ਨੇ ਸਲਾਹ ਦਿੱਤੀ। ਜਦੋਂ ਫ਼ਾਰਮ ਦਿੱਲੀ ਭੇਜੇ ਜਾਣ ਦੀ ਤਰੀਕ ਹੋ ਗਈ ਤਾਂ ਫੇਰ ਚੰਡੀਗੜ੍ਹ ਗੇੜਾ ਕੱਢਿਆ। ਸਕੱਤਰੇਤ ਦਫ਼ਤਰ ਦਾ ਕਲਰਕ ਕਹਿਣ ਲੱਗਾ, "ਕਿਹੜੇ 'ਸਾਹਿਬ' ਦੇ ਰਿਸ਼ਤੇਦਾਰ ਹੋ?" ਮੈਂ ਕਿਹਾ, 'ਕਿਸੇ ਦੇ ਨਹੀਂ। ਮੈਂ ਤਾਂ ਸਿਰਫ਼ ਫ਼ਾਰਮ ਦਾ ਪਤਾ ਕਰਨ ਆਈ ਸੀ ਕਿ ਦਿੱਲੀ ਭੇਜ ਦਿੱਤੇ ਗਏ ਜਾਂ ਨਹੀਂ?" ਉਸਨੇ ਪੰਜਾਬ ਵਿਚਲੇ ਦਸ ਫ਼ਾਰਮਾਂ ਦੀ ਲਿਸਟ ਦਿਖਾ ਦਿੱਤੀ ਜਿਹੜੇ ਦਿੱਲੀ ਭੇਜੇ ਗਏ ਸਨ। ਕਮਾਲ ਦੀ ਗੱਲ ਸੀ ਕਿ ਸਾਰੇ ਫ਼ਾਰਮਾਂ ਵਾਲੀਆਂ ਔਰਤਾਂ ਕਿਸੇ 'ਸਾਹਿਬ' ਦੀ ਸਾਲੀ ਜਾਂ ਭਤੀਜੀ ਜਾਂ ਭਣੇਵੀਂ ਹੀ ਸਨ।

ਸਕੱਤਰੇਤ ਦਫ਼ਤਰ ਵਿੱਚੋਂ ਬੜੇ ਭਾਰੇ ਮਨ ਨਾਲ ਵਾਪਸ ਆਉਂਦੀ ਮੈਂ ਸੋਚ ਰਹੀ ਸੀ ਕਿ ਮੇਰੇ ਵਰਗੀਆਂ ਹੋਰ ਵੀ ਕਈ ਹੋਣਗੀਆਂ ਜਿਨ੍ਹਾਂ ਨੇ ਪੰਜਾਬ ਦੇ ਅਲੱਗ ਅਲੱਗ ਹਿੱਸਿਆਂ ਵਿੱਚੋਂ ਆਪਣੇ ਫਾਰਮ ਭੇਜੇ ਹੋਣਗੇ ਪਰ 'ਸਾਹਿਬ' ਦੀ ਰਿਸ਼ਤੇਦਾਰ ਨਾ ਹੋਣ ਕਾਰਣ ਫਾਰਮ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੇ ਗਏ ਹੋਣਗੇ। ਮੈਂ ਆਪਣੇ ਆਪ ਨੂੰ ਹਾਲੇ ਕੋਸ ਹੀ ਰਹੀ ਸੀ ਕਿ ਮੈਂ ਆਈ.ਏ.ਐਸ. ਦਾ ਇਮਤਿਹਾਨ ਪਾਸ ਕਰਨ ਤੋਂ ਬਾਅਦ ਵੀ ਡਾਕਟਰੀ ਕਿੱਤਾ ਹੀ ਬਿਹਤਰ ਕਿਉਂ ਸਮਝਿਆ ਤੇ ਡਾਕਟਰ ਹੀ ਕਿਉਂ ਬਣੀ ਕਿ ਇਕ ਦਫ਼ਤਰ ਵਿੱਚੋਂ ਇਕ ਬੰਦਾ ਬਾਹਰ ਨਿਕਲਦਾ ਹੋਇਆ ਇਕਦਮ ਮੇਰੇ ਵੱਲ ਮੁੜ ਕੇ ਰੁਕ ਗਿਆ। ਮੈਨੂੰ ਵੇਖ ਕੇ ਕਹਿਣ ਲੱਗਾ, "ਤੁਸੀਂ ਡਾ. ਹਰਸ਼ਿੰਦਰ ਕੌਰ ਤਾਂ ਨਹੀਂ ਜਿਹੜੇ ਅਖ਼ਬਾਰਾਂ ਵਿਚ ਲਿਖਦੇ ਹੋ?" ਮੈਂ ਉਦਾਸੀ ਜਿਹੀ ਵਿਚ 'ਹਾਂ' ਵਿਚ ਸਿਰ ਹਿਲਾ ਦਿੱਤਾ। ਕਹਿਣ ਲੱਗਾ, "ਤੁਹਾਡੀ ਅਖ਼ਬਾਰ ਵਿਚਲੀ ਤਸਵੀਰ ਵਿਚ ਤਾਂ ਤੁਸੀਂ ਬੜੇ ਖਿੜੇ ਹੋਏ ਦਿਸਦੇ ਹੋ ਪਰ ਹੁਣ ਬੁੱਝੇ ਜਿਹੇ ਲਗ ਰਹੇ ਹੋ।" ਇਸਤੋਂ ਪਹਿਲਾਂ ਕਿ ਮੈਂ ਕੁੱਝ ਕਹਿੰਦੀ, ਉਸਨੇ ਆਪਣੇ ਸਾਥੀ ਨੂੰ ਅਵਾਜ਼ ਮਾਰੀ, "ਵੇਖੀਂ ਕੌਣ ਆਇਐ!" ਉਸਦੇ ਨਾਲ ਦੇ ਦੋ ਬੰਦੇ ਹੋਰ ਬਾਹਰ ਨਿਕਲ ਆਏ। ਉਹ ਤਿੰਨੋ ਲਗਭਗ ਧੂਅ ਕੇ ਮੈਨੂੰ ਦਫ਼ਤਰ ਅੰਦਰ ਲੈ ਗਏ।

ਦਫ਼ਤਰ ਵਿਚ ਇਕ ਕੁਰਸੀ ਤੇ ਬਿਠਾ ਕੇ ਉਨ੍ਹਾਂ ਮੈਨੂੰ ਚਾਹ ਪਾਣੀ ਪੁੱਛਿਆ ਤੇ ਉਨ੍ਹਾਂ ਵਿੱਚੋਂ ਇਕ ਤਾਂ ਹੱਥ ਜੋੜ ਕੇ ਮੇਰੇ ਅੱਗੇ ਖੜ੍ਹਾ ਹੋ ਗਿਆ। ਮੈਂ ਹੈਰਾਨ ਸੀ ਕਿ ਇਨ੍ਹਾਂ ਨੂੰ ਕੀ ਹੋ ਗਿਆ ਹੈ? ਹੱਥ ਜੋੜ ਕੇ ਖੜ੍ਹਾ ਬੰਦਾ ਬੋਲਿਆ, "ਸਤਾਰਾਂ ਸਾਲਾਂ ਤੋਂ ਮੇਰੀ ਵਹੁਟੀ ਮੰਜੇ ਤੇ ਪਈ ਹੈ। ਤੁਹਾਡੇ ਹਿੰਮਤ

ਵਧਾਉਣ ਵਾਲੇ ਲੇਖ ਪੜ੍ਹ ਕੇ ਉਸ ਦੇ ਸਰੀਰ ਵਿਚ ਨਵੀਂ ਜਾਨ ਪੈ ਗਈ ਹੈ। ਇਹ ਚਮਤਕਾਰ ਮੈਂ ਆਪਣੇ ਅੱਖੀਂ ਵੇਖਿਆ ਹੈ। ਮੈਂ ਬੜੀ ਦੇਰ ਤੋਂ ਤੁਹਾਨੂੰ ਮਿਲਣਾ ਚਾਹੁੰਦਾ ਸੀ, ਤੁਹਾਡਾ ਸ਼ੁਕਰੀਆ ਕਰਨ ਲਈ। ਅੱਜ ਦਾ ਦਿਨ ਤਾਂ ਮੇਰੀ ਜ਼ਿੰਦਗੀ ਵਿਚ ਖ਼ਾਸ ਦਿਨ ਬਣ ਕੇ ਰਹਿ ਜਾਵੇਗਾ। ਘਰ ਜਾ ਕੇ ਜਦੋਂ ਆਪਣੀ ਵਹੁਟੀ ਨੂੰ ਦੱਸਾਂਗਾ ਕਿ ਤੁਹਾਨੂੰ ਮਿਲਿਆ ਹਾਂ ਤਾਂ ਉਹ ਵੀ ਬਹੁਤ ਖ਼ੁਸ਼ ਹੋਵੇਗੀ।"

ਏਨੀ ਦੇਰ ਨੂੰ ਚਪੜਾਸੀ ਆ ਕੇ ਉਸ ਆਦਮੀ ਨੂੰ ਕਹਿਣ ਲੱਗਾ, "ਤੁਹਾਨੂੰ ਸਾਹਿਬ ਨੇ ਅੰਦਰ ਬੁਲਾਇਐ। " ਉਸ ਆਦਮੀ ਨੇ ਗਾਲ੍ਹ ਕੱਢ ਕੇ ਕਿਹਾ, "ਹੁਣ ਇਹਦੇ ਰਾਸ਼ਨ ਪਾਣੀ ਨੂੰ ਢੋਹਣ ਲਈ ਬਜ਼ਾਰ ਜਾਣਾ ਪੈਣੈ। ਕਹਿ ਦੇ ਆਪਣੇ ਸਾਹਿਬ ਨੂੰ ਜ਼ਰੂਰੀ ਕੰਮ ਮੁਕਾ ਕੇ ਆਇਆ।"

ਫੇਰ ਮੇਰੇ ਵੱਲ ਮੂੰਹ ਘੁਮਾ ਕੇ ਕਹਿਣ ਲੱਗਾ, "ਇਨ੍ਹਾਂ ਵਰਗਿਆਂ ਨੂੰ ਕੁਰਸੀ ਫੜਾ ਕੇ ਦੇਸ ਦੀ ਤਰੱਕੀ ਬਾਰੇ ਕੀ ਸੋਚਿਆ ਜਾ ਸਕਦਾ ਹੈ। ਹਾਲੇ ਤਕ ਦੀ ਨੌਕਰੀ ਵਿਚ ਮੈਂ ਸਿਰਫ਼ ਦੋ ਹੀ ਵਧੀਆ ਅਫ਼ਸਰ ਵੇਖੇ ਹਨ। ਬਾਕੀ ਤਾਂ ਬੱਸ ਨਾ ਹੀ ਪੁੱਛੋ। ਤੁਸੀਂ ਦੱਸੋ ਅੱਜ ਇੱਧਰ ਕਿਵੇਂ ?"

ਮੈਂ ਲਾਜਵਾਬ ਸੀ ਤੇ ਆਪਣੇ ਆਪ ਨੂੰ ਲਾਅਨਤਾਂ ਪਾ ਰਹੀ ਸੀ ਕਿ ਮੈਂ ਕਿਉਂ ਏਨੇ ਬੁਝੇ ਮਨ ਨਾਲ ਬਾਹਰ ਆਈ। ਆਖ਼ਰ ਮੇਰਾ ਕੀ ਖੁੱਸ ਗਿਆ ਸੀ? ਇਹ ਇਨਸਾਨ ਕਹਿ ਰਿਹਾ ਹੈ ਕਿ ਮੇਰਾ ਲੇਖ ਪੜ੍ਹ ਕੇ ਉਸਦੀ ਬੀਮਾਰ ਵਹੁਟੀ ਅੰਦਰ ਹਿੰਮਤ ਭਰ ਗਈ ਹੈ ਤੇ ਮੈਂ ?

ਉਸਨੂੰ ਏਨਾ ਹੀ ਕਹਿ ਸਕੀ, "ਵੈਸੇ ਹੀ ਇੱਧਰ ਗੇੜਾ ਲਾਉਣ ਆਈ ਸੀ। ਕੋਈ ਖ਼ਾਸ ਕੰਮ ਨਹੀਂ ਸੀ।" ਬਾਹਰ ਆਉਂਦੇ ਹੋਏ ਮੈਂ ਬੜੀ ਸ਼ਰਮਸਾਰ ਮਹਿਸੂਸ ਕਰ ਰਹੀ ਸੀ।

ਸੱਤਵੀਂ ਮੰਜ਼ਿਲ ਤੇ ਇਕ ਹੋਰ 'ਸਾਹਿਬ' ਦੇ ਕਮਰੇ ਦੇ ਬਾਹਰ ਡਾਕਟਰਾਂ ਦੀ ਲੰਬੀ ਲਾਈਨ ਆਪਣੀ ਵਾਰੀ ਉਡੀਕਦੀ ਬੈਠੀ ਸੀ। ਸਾਰੇ ਹੀ ਏਨੀ ਦੇਰ ਤੋਂ ਬੈਠੇ ਉਡੀਕਦੇ ਆਪਣੇ ਆਪ ਨੂੰ ਲਾਅਨਤਾਂ ਪਾ ਰਹੇ ਸਨ ਕਿ ਪਿਛਲੇ ਪੰਜ ਘੰਟਿਆਂ ਤੋਂ ਮਿਲਣ ਲਈ ਬੈਠੇ ਵਕਤ ਬਰਬਾਦ ਕਰ ਰਹੇ ਹਾਂ। ਇਸ ਪੇਸ਼ੇ ਵਿਚ ਕੀ ਖੱਟਿਆ ?

ਮੇਰੇ ਵਾਂਗ ਹੋਰ ਵੀ ਕਈ ਜਣੇ ਹੋਣਗੇ ਜਿਹੜੇ ਜ਼ਿੰਦਗੀ ਵਿਚ ਕਦੇ ਨਾ ਕਦੇ ਅਜਿਹੇ ਹਾਲਾਤ ਦਾ ਸਾਹਮਣਾ ਜ਼ਰੂਰ ਕਰਦੇ ਹੋਣਗੇ। ਹਰ ਇਕ ਨੂੰ ਸ਼ਾਇਦ ਹਿੰਮਤ ਵਧਾਉਣ ਵਾਲੇ ਇਨਸਾਨ ਨਾ ਮਿਲਦੇ ਹੋਣ। ਕੁੱਝ ਦੇਰ ਦੀ ਮਾਯੂਸੀ ਹੋਣੀ ਤਾਂ ਨਾਰਮਲ ਹੀ ਹੈ ਪਰ ਢਹਿੰਦੀ ਕਲਾ ਵਿਚ ਤੁਰ ਜਾਣਾ ਜਾਂ ਇਸ ਗੱਲ ਨੂੰ ਸੂਲ ਬਣਾ ਕੇ ਸਾਰੀ ਜ਼ਿੰਦਗੀ ਆਪਣੇ ਦਿਮਾਗ਼ ਵਿਚ ਸਜਾਈ ਰੱਖਣਾ ਗ਼ਲਤ ਗੱਲ ਹੁੰਦੀ ਹੈ।

ਕੁੱਝ ਗੁਰ ਸਾਡੇ ਵੱਡੇ ਵਡੇਰਿਆਂ ਨੇ ਦੱਸੇ ਹੋਏ ਹਨ ਤੇ ਕੁੱਝ ਮਨੋਵਿਗਿਆਨੀਆਂ ਨੇ। ਆਪਣੇ ਮਨ ਨੂੰ ਪੂਰੀ ਤਰ੍ਹਾਂ ਵੱਸ ਕਰਨ ਵਾਲਾ ਤਾਂ ਕੋਈ ਰੋਗ ਸਹੇੜ ਹੀ ਨਹੀਂ ਸਕਦਾ ਤੇ ਅਜਿਹਾ ਸਿਰਫ਼ ਕੋਈ ਪ੍ਰਮਾਤਮਾ ਦੇ ਨੇੜੇ ਪਹੁੰਚਿਆ ਹੀ ਕਰ ਸਕਦਾ ਹੈ ਕਿਉਂਕਿ ਇਨਸਾਨ ਤਾਂ ਦੁਖ ਸੁਖ ਦੇ ਹਿਸਾਬ ਨਾਲ ਰੋਂਦਾ ਮੁਸਕੁਰਾਉਂਦਾ ਹੈ।

ਕਿਸੇ ਕਿਸਮ ਦੀ ਹਾਰ ਜੇ ਜਰੀ ਹੀ ਨਾ ਜਾਏ ਤਾਂ ਉਹ ਸਰੀਰ ਅਤੇ ਦਿਮਾਗ਼ ਉੱਤੇ ਮਾੜੇ ਅਸਰ ਦਿਖਾਉਂਦੀ ਹੈ।

ਕੁੱਝ ਨੁਕਤੇ ਹਨ ਜਿਹੜੇ ਅਜਿਹੇ ਮੌਕੇ ਤੇ ਅਜ਼ਮਾਏ ਜਾ ਸਕਦੇ ਸਨ:

1. ਇਸ ਹਾਰ ਤੋਂ ਪਹਿਲਾਂ ਵਾਲੇ ਹਾਲਾਤ ਬਾਰੇ ਸੋਚ ਕੇ ਵੇਖਣਾ ਚਾਹੀਦਾ ਹੈ ਕਿ ਕੀ ਇਸ ਚੀਜ਼ ਦੇ ਖੁੱਸ ਜਾਣ ਨਾਲ ਪਿਛਲੀ ਜ਼ਿੰਦਗੀ ਤੇ ਕੋਈ ਫ਼ਰਕ ਪਿਆ ਹੈ?

2. ਕੀ ਇਸ ਇਕ ਹਾਰ ਨਾਲ ਅਗਲੀ ਜ਼ਿੰਦਗੀ ਵਿਚ ਆਉਣ ਵਾਲੇ ਹੋਰ ਨਵੇਂ ਮੌਕਿਆਂ ਤੇ ਰੋਕ ਲੱਗ ਗਈ ਹੈ ?

3. ਕੀ ਇਸ ਇਕ ਹਾਰ ਨਾਲ ਸਾਨੂੰ ਆਪਣੇ ਤੇ ਪਰਾਏ ਵਿਚ ਫ਼ਰਕ ਪਤਾ ਲੱਗ ਗਿਆ ਹੈ ? ਕੀ ਇਹ ਰੱਬ ਵੱਲੋਂ ਇਕ ਸੁਨੇਹਾ ਦੇਣ ਦਾ ਜ਼ਰੀਆ ਤਾਂ ਨਹੀਂ ਸੀ ?

4. ਕੀ ਇਸ ਇਕ ਹਾਰ ਨੇ ਸਾਨੂੰ ਸਾਡੀ ਅੰਦਰੂਨੀ ਤਾਕਤ ਬਾਰੇ ਚਾਨਣਾ ਪਾ ਦਿੱਤਾ ਹੈ ਕਿ ਸਾਨੂੰ ਕਿੰਨਾ ਮਜ਼ਬੂਤ ਹੋਣਾ ਚਾਹੀਦਾ ਹੈ ?

5. ਇਸ ਹਾਰ ਤੋਂ ਸਬਕ ਲੈ ਕੇ ਅਸੀਂ ਆਪਣੀ ਜ਼ਿੰਦਗੀ ਵਿਚ ਕਿਹੜੀ ਤਬਦੀਲੀ ਲਿਆਉਣੀ ਚਾਹ ਰਹੇ ਹਾਂ ? ਆਪਣੇ ਫੈਸਲੇ ਨੂੰ ਲੈ ਕੇ ਰੌਲਾ ਨਹੀਂ ਪਾਉਣਾ ਚਾਹੀਦਾ। ਸਿਰਫ਼ ਆਪਣੇ ਆਪ ਨੂੰ ਹੀ ਬਦਲਣਾ ਠੀਕ ਰਹਿੰਦਾ ਹੈ ਤਾਂ ਜੋ ਫਜ਼ੂਲ ਦੀ ਭੱਜ ਦੌੜ ਛੱਡ ਕੇ ਆਪਣੇ ਕੰਮ ਨਾਲ ਮਤਲਬ ਰੱਖਿਆ ਜਾ ਸਕੇ। ਇਸ ਤਰ੍ਹਾਂ ਲੋਕ ਹੌਲੀ ਹੌਲੀ ਨਾਲ ਰਲ ਜਾਂਦੇ ਹਨ।

ਖ਼ਿਆਲ ਰੱਖਣ ਵਾਲੀ ਗੱਲ ਇਹ ਹੈ ਕਿ ਆਪਣੀ ਸੋਚ ਉਸਾਰੂ ਰਹਿਣੀ ਚਾਹੀਦੀ ਹੈ। ਇਸਦਾ ਮਤਲਬ ਇਹ ਉੱਕਾ ਹੀ ਨਹੀਂ ਹੈ ਕਿ ਆਪਣੇ ਆਪ ਨੂੰ ਕੰਮ ਵਿਚ ਏਨਾ ਰੁਝਾ ਲਵੋ ਕਿ ਦਿਨ ਰਾਤ ਭੁੱਲ ਜਾਣ। ਬਲਕਿ ਜ਼ਿੰਦਗੀ ਨੂੰ ਨਵੇਂ ਸਿਰਿਓਂ ਵੇਖਣ ਦਾ ਇਕ ਮੌਕਾ ਸਮਝ ਕੇ, ਆਪਣਿਆਂ ਨਾਲ ਬਿਤਾਉਣ ਵਾਲੇ ਪਲ ਵਧਾ ਦੇਣੇ ਚਾਹੀਦੇ ਹਨ।

ਤਮੰਨਾ ਰੱਖਣਾ ਮਾੜੀ ਗੱਲ ਨਹੀਂ ਹੈ ਬਲਕਿ ਤਮੰਨਾ ਪੂਰੀ ਨਾ ਹੋਣ ਤੇ ਢਹਿ ਢੇਰੀ ਹੋ ਜਾਣਾ ਮਾੜੀ ਗੱਲ ਹੈ। ਹੁਣ ਮਕੜੀ ਦੀ ਹੀ ਉਦਾਹਰਣ ਲਵੋ। ਜਾਲਾ ਬਣਾਉਂਦਿਆਂ ਹਜ਼ਾਰ ਵਾਰ ਥੱਲੇ ਡੇਗੋ, ਪਰ ਹਰ ਵਾਰ ਹਿੰਮਤ ਕਰਕੇ ਫੇਰ ਚੜ੍ਹਦੀ ਹੈ ਤੇ ਅਖ਼ੀਰ ਆਪਣਾ ਜਾਲਾ ਪੂਰਾ ਕਰ ਲੈਂਦੀ ਹੈ। ਇਹ ਜਾਲਾ ਬਣਾਉਣ ਲਈ ਉਸਨੂੰ ਕਿਸੇ ਨੇ ਸ਼ਾਬਾਸ਼ੀ ਨਹੀਂ ਦੇਣੀ, ਨਾ ਹੀ ਉਸਦਾ ਰੁਤਬਾ ਉੱਚਾ ਹੋ ਜਾਣਾ ਹੈ, ਪਰ ਆਪਣੇ ਕੰਮ ਵਿਚਲੀ ਲਗਨ ਤੇ ਹਿੰਮਤ ਉਸਨੂੰ ਰੋਟੀ ਪਹੁੰਚਾਉਂਦੀ ਹੈ ਤੇ ਇਹੀ ਉਸਦੇ ਜੀਵਨ ਦਾ ਅਧਾਰ ਹੈ।

ਹੁਣ ਸਵਾਲ ਉੱਠਦਾ ਹੈ ਕਿ ਹਾਰਨ ਤੋਂ ਬਾਅਦ ਉਸ ਹਾਰ ਨੂੰ ਸਹਿਣਾ ਕਿਵੇਂ ਹੈ ਤੇ ਉਹ ਖ਼ਿਆਲ ਦਿਲ ਵਿੱਚੋਂ ਕੱਢਣਾ ਕਿਵੇਂ ਹੈ ? ਆਪਣਾ ਮਨਪਸੰਦ ਗਾਣਾ ਉੱਚੀ ਉੱਚੀ ਗਾਉਣਾ ਸ਼ੁਰੂ ਕੀਤਾ ਜਾ ਸਕਦਾ ਹੈ। ਆਪਣਾ ਧਿਆਨ ਕਿਸੇ ਨਵੀਂ ਉਧੇੜ ਬੁਨ ਵੱਲ ਲਾ ਲਵੋ ਜਾਂ ਕੋਈ ਐਸੀ ਗੁੰਝਲ ਜਿਸਨੂੰ ਸੁਲਝਾਉਣ ਵਿਚ ਕੁੱਝ ਘੰਟੇ ਲਗ ਜਾਣ। ਕੋਈ ਹਾਸੇ ਵਾਲਾ ਪ੍ਰੋਗਰਾਮ ਵੇਖਿਆ ਜਾ ਸਕਦਾ ਹੈ ਜਾਂ ਚੁਟਕੁਲੇ ਪੜ੍ਹੇ ਜਾ ਸਕਦੇ ਹਨ।

ਜੇ ਧਿਆਨ ਵੰਡਾਉਣ ਤੋਂ ਬਾਅਦ ਫੇਰ ਉਹੀ ਹਾਰ ਦਿਮਾਗ਼ ਤੇ ਭਾਰੂ ਹੋਣ ਲਗ ਪਵੇ ਤਾਂ ਦੁਬਾਰਾ ਗੁੰਝਲਾਂ ਸੁਲਝਾਉਣ ਵਿਚ ਲਗ ਪੈਣਾ ਚਾਹੀਦਾ ਹੈ ਜਦ ਤਕ ਦਿਮਾਗ਼ ਥੱਕ ਨਾ ਜਾਵੇ।

ਇਕ ਖ਼ਿਆਲ ਦਿਮਾਗ਼ ਵਿਚ ਲਿਆਉਣਾ ਜ਼ਰੂਰੀ ਹੈ ਕਿ ਜੇ ਇਹੀ ਹਾਰ ਸਾਡੇ ਕਿਸੇ ਬਹੁਤ ਪਿਆਰੇ ਮਿੱਤਰ ਨੂੰ ਮਿਲੀ ਹੁੰਦੀ ਤੇ ਉਹ ਢੰਹਿਦੀ ਕਲਾ ਵਿਚ ਜਾ ਰਿਹਾ ਹੁੰਦਾ ਤਾਂ ਅਸੀਂ ਉਸਨੂੰ ਕਿਵੇਂ ਸਮਝਾਉਂਦੇ ? ਉਹੀ ਗੱਲਾਂ ਆਪਣੇ ਆਪ ਨੂੰ ਕਹਿ ਲੈਣੀਆਂ ਚਾਹੀਦੀਆਂ ਹਨ।

ਹਾਰ ਦੇ ਹਰ ਪਹਿਲੂ ਤੇ ਨਜ਼ਰ ਮਾਰਨੀ ਜ਼ਰੂਰੀ ਹੈ ਤੇ ਉਸਤੋਂ ਇਕ ਸਿੱਖਿਆ ਲੈਣੀ ਵੀ ਬਹੁਤ ਜ਼ਰੂਰੀ ਹੈ ਕਿ ਇਸ ਵਿੱਚੋਂ ਚੰਗੀ ਜੀਜ਼ ਕਿਹੜੀ

ਨਿਕਲੀ ? ਆਪਣੇ ਆਪ ਨੂੰ ਸਮਝਾਉਣ ਦਾ ਇਕ ਹੋਰ ਵੀ ਵਧੀਆ ਤਰੀਕਾ ਹੈ ਜਿਹੜਾ ਮੈਂ ਵੀ ਅਜ਼ਮਾਇਆ ਸੀ। ਜਦ ਹੋਰ ਕਿਤੇ ਵੱਸ ਹੀ ਨਹੀਂ ਸੀ ਤਾਂ ਮੈਂ ਆਪਣੇ ਆਪ ਨੂੰ ਸਮਝਾਇਆ ਕਿ ਮੇਰਾ ਤਾਂ ਕੁੱਝ ਵਿਗੜਿਆ ਨਹੀਂ। ਮਨਾ ਸੋਚ ਜੇ 'ਸਾਹਿਬ' ਆਪਣੀ ਭਤੀਜੀ ਬਾਰੇ ਨਹੀਂ ਖ਼ਿਆਲ ਕਰਨਗੇ ਤਾਂ ਕੀ ਮੈਂ ਉਸਦਾ ਧਿਆਨ ਰੱਖਾਂਗੀ ?

ਮੈਂ ਇਸ ਸੋਚ ਨਾਲ ਗਲਤ ਗੱਲ ਨੂੰ ਜਾਇਜ਼ ਕਰਾਰ ਨਹੀਂ ਦੇ ਰਹੀ ਸੀ ਬਲਕਿ ਹਾਸੇ ਠੱਠੇ ਰਾਹੀਂ ਆਪਣੇ ਮਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਜੋ ਇਹ ਹਾਰ ਮੇਰੇ ਤੇ ਹਾਵੀ ਨਾ ਹੋ ਜਾਏ ਤੇ ਗੱਲ ਆਈ ਗਈ ਬਣ ਕੇ ਰਹਿ ਜਾਵੇ।

ਜੇ ਕਿਸੇ ਹਾਰ ਨਾਲ ਆਪਣਾ ਕੋਈ ਪੁਰਾਣਾ ਜ਼ਖ਼ਮ ਕੁਰੇਦਿਆ ਜਾਵੇ ਤਾਂ ਕਈ ਵਾਰ ਲੋਕ ਮਰਨ ਮਾਰਨ ਤੇ ਵੀ ਉਤਾਰੂ ਹੋ ਜਾਂਦੇ ਹਨ। ਜੇ ਅਣਖ ਤੇ ਬਹੁਤ ਜ਼ਿਆਦਾ ਸੱਟ ਵੱਜ ਗਈ ਹੋਵੇ ਤਾਂ ਇਹ ਤਰੀਕਾ ਵੀ ਅਜ਼ਮਾਇਆ ਜਾ ਸਕਦਾ ਹੈ। ਕੁੱਝ ਕਾਗਜ਼ ਫੜੋ। ਉਸ ਉੱਤੇ ਲਿਖਣਾ ਸ਼ੁਰੂ ਕਰੋ। ਰੱਜ ਕੇ ਗਾਲ੍ਹਾਂ ਲਿਖੋ। ਜਿਸ ਕੋਲੋਂ ਹਾਰੇ ਹੋ ਜਾਂ ਜਿਸਨੇ ਧੱਕਾ ਕੀਤਾ ਹੈ, ਉਸਦੇ ਨਾਮ ਤੇ ਹੀ ਚਿੱਠੀ ਹੋਣੀ ਚਾਹੀਦੀ ਹੈ। ਜਦੋਂ ਪੰਜਾਹ ਕਾਗਜ਼ ਭਰ ਲਵੋ ਜਾਂ ਹੱਥ ਲਿਖਦੇ ਲਿਖਦੇ ਥੱਕ ਜਾਣ ਤਾਂ ਬਿਨ੍ਹਾਂ ਪੜ੍ਹੇ ਉਹ ਸਾਰੇ ਕਾਗਜ਼ ਪਾੜ ਕੇ ਜਾਂ ਸਾੜ ਕੇ ਕੂੜੇਦਾਨ ਵਿਚ ਸੁੱਟ ਦਿਓ। ਸਿਰ ਕੁਰਸੀ ਤੇ ਪਿਛਾਂਹ ਸੁੱਟ ਕੇ ਲੰਬੇ ਲੰਬੇ ਸਾਹ ਖਿੱਚੋ ਤੇ ਆਪਣੇ ਹੱਥ ਪਾਸਿਆਂ ਵਲ ਲਟਕਾ ਕੇ ਢਿੱਲੇ ਛੱਡ ਦਿਓ। ਨੇੜੇ ਪਿਆਰੀ ਜਿਹੀ ਖੁਸ਼ਬੋ ਰਖ ਲਵੋ ਤੇ ਆਪਣਾ ਧਿਆਨ ਸਾਹ ਉੱਤੇ ਕੇਂਦ੍ਰਿਤ ਰੱਖੋ ਤਾਂ ਕੁੱਝ ਪਲਾਂ ਵਿਚ ਹੀ ਆਪਣੇ ਅੰਦਰ ਨਵਾਂ ਸਰੂਰ ਭਰਿਆ ਮਹਿਸੂਸ ਕੀਤਾ ਜਾ ਸਕਦਾ ਹੈ। ਬੱਸ, ਫੇਰ ਆਪਣੇ ਕਿਸੇ ਪਿਆਰੇ ਮਿੱਤਰ ਨਾਲ ਦਿਲ ਖੋਲ੍ਹ ਕੇ ਕੁੱਝ ਦੇਰ ਹਾਸਾ ਠੱਠਾ ਕਰ ਲਵੋ ਤੇ ਆਪਣੇ ਪਿਛਲੇ ਕੰਮ ਵਿਚ ਜੁੱਟ ਜਾਓ।

ਹਸਪਤਾਲ ਵਿਚ ਇਕ ਵਾਰ ਰਾਤ ਨੂੰ ਇਕ ਜਵਾਨ ਆਦਮੀ ਜ਼ਹਿਰ ਖਾ ਕੇ ਆ ਗਿਆ । ਬੜੀ ਮੁਸ਼ਕਲ ਨਾਲ ਬਚਾਇਆ ਤਾਂ ਠੀਕ ਹੋਣ ਤੇ ਕਾਰਣ ਪੁੱਛਿਆ। ਕਹਿਣ ਲੱਗਾ, "ਸੌ ਰੁਪੈ ਦੀ ਲਾਟਰੀ ਪਾਈ ਸੀ। ਦੋ ਲੱਖ ਦਾ ਪਹਿਲਾ ਇਨਾਮ ਮੇਰਾ ਨਿਕਲਿਆ ਪਰ ਮੇਰੀ ਟਿਕਟ ਮੇਰੀ ਜੇਬ ਵਿੱਚੋਂ ਮੇਰੇ ਛੋਟੇ ਬੱਚੇ ਨੇ ਕਾਗਜ਼ ਦਾ ਟੋਟਾ ਸਮਝ ਕੇ ਖੇਡ ਬਣਾ ਕੇ ਪਾੜ ਛੱਡੀ ਤੇ ਲੱਭੀ ਹੀ ਨਹੀਂ। ਪਹਿਲਾਂ ਵਹੁਟੀ ਕੁੱਟੀ, ਫੇਰ ਬੱਚਾ ਕੁੱਟਿਆ, ਫੇਰ ਆਪ ਜ਼ਹਿਰ ਖਾ ਲਿਆ।"

ਹੁਣ ਇਸ ਗੱਲ ਨੂੰ ਸਿਵਾਏ ਹਾਸੇ ਠੱਠੇ ਵਿਚ ਖ਼ਤਮ ਕਰਨ ਦੇ, ਸਾਡੇ ਕੋਲ ਕੋਈ ਰਸਤਾ ਨਹੀਂ ਸੀ। ਡਿਊਟੀ ਤੇ ਖੜੇ ਅਸੀਂ ਤਿੰਨੋਂ ਡਾਕਟਰਾਂ ਨੇ ਇਹੀ ਕਿਹਾ, "ਬਈ ਜਿਸ ਲਾਟਰੀ ਦੀ ਟਿਕਟ ਨੇ ਤੈਨੂੰ ਮਰਨ ਦੇ ਨੇੜੇ ਲਿਆ ਸੁੱਟਿਆ, ਤੂੰ ਸੋਚ ਉਹ ਪੈਸੇ ਕੀ ਕਹਿਰ ਢਾਅ ਸਕਦੇ ਹਨ। ਸ਼ੁਕਰ ਕਰ ਏਨੇ ਨਾਲ ਹੀ ਬਚਾਅ ਹੋ ਗਿਆ। ਜਿਹੜੇ ਪੈਸੇ ਤੇਰੀ ਕਿਸਮਤ ਵਿਚ ਹੀ ਨਹੀਂ ਲਿਖੇ, ਉਨ੍ਹਾਂ ਪਿੱਛੇ ਝੂਰਨ ਦਾ ਕੀ ਫ਼ਾਇਦਾ। ਜਿਹੜੇ ਕਦੇ ਮਿਲੇ ਹੀ ਨਹੀਂ। ਤੂੰ ਸੋਚ ਲੈ, ਉਹ ਖੁੱਸੇ ਵੀ ਨਹੀਂ। ਹੁਣ ਤੂੰ ਇਹ ਸੋਚ ਕਿ ਪੁਲਸ ਦੇ ਡੰਡੇ ਤੋਂ ਕਿਵੇਂ ਬਚਣੈ। ਤੇਰੀ ਵਹੁਟੀ ਨੇ ਮਾਰ ਕੁਟਾਈ ਦੀ ਸ਼ਿਕਾਇਤ ਪੁਲਸ ਵਿਚ ਕਰ ਦਿੱਤੀ ਹੈ। ਹੁਣ ਲਾਟਰੀ ਛੱਡ ਤੇ ਮਾਫੀਨਾਮੇ ਵਲ ਧਿਆਨ ਦੇ।"

ਉਸ ਆਦਮੀ ਅੰਦਰ ਪੁਲਸ ਦੇ ਡਰ ਨੇ ਘਰ ਕਰ ਲਿਆ ਤੇ ਮਿੰਟਾਂ ਵਿਚ ਹੀ ਲਾਟਰੀ ਵਾਲੀ ਗੱਲ ਉਸਨੇ ਕਰਨੀ ਛੱਡ ਦਿੱਤੀ।

ਜਦੋਂ ਵੀ ਆਪਣੇ ਦਿਮਾਗ਼ ਨੂੰ ਵਿਹਲਾ ਛੱਡਿਆ ਜਾਵੇ, ਉਸ ਵਿਚ ਪਿਛਲੇ ਖ਼ਿਆਲ ਦੁਬਾਰਾ ਆਉਣੇ ਹੀ ਹੁੰਦੇ ਹਨ। ਇਸੇ ਲਈ ਲਿਖਣ ਜਾਂ ਪੜ੍ਹਨ ਦੀ ਆਦਤ ਪਾਉਣੀ ਚੰਗੀ ਗੱਲ ਹੈ। ਜੇ ਹੋਰ ਕੁੱਝ ਨਹੀਂ ਤਾਂ ਸਕੂਟਰ ਕੱਢੋ ਤੇ ਭਲਵਾਨੀ ਗੇੜਾ ਦੇ ਕੇ ਵਾਪਸ ਆ ਜਾਓ।

ਇਕ ਹੋਰ ਵੀ ਔਖਾ ਵੇਲਾ ਹੁੰਦਾ ਹੈ ਜਦੋਂ ਮਾਤ ਆਪਣੇ ਹੀ ਰੋਜ਼ਗਾਰ ਵਿਚਲੇ ਅਫ਼ਸਰ ਵੱਲੋਂ ਪਾਈ ਗਈ ਹੋਵੇ ਤੇ ਰੋਜ਼ ਵਾਹ ਵੀ ਉਸੇ ਨਾਲ ਪੈਣਾ ਹੋਵੇ ਜਾਂ ਫੇਰ ਜਿਸ ਇਨਸਾਨ ਵੱਲੋਂ ਹੇਠੀ ਕੀਤੀ ਗਈ ਹੋਵੇ, ਉਸ ਨਾਲ ਕਾਫ਼ੀ ਦੇਰ ਲਈ ਕਿਸੇ ਥਾਂ ਆਮਣਾ ਸਾਹਮਣਾ ਹੋ ਜਾਏ।

ਕਿਸੇ ਨੇ ਸਹੀ ਕਿਹਾ ਹੈ ਕਿ ਅਸੀਂ ਕਿਸੇ ਵੱਲੋਂ ਕੀਤੇ ਮਾੜੇ ਕਰਕੇ ਘੱਟ ਦੁਖੀ ਹੁੰਦੇ ਹਾਂ ਪਰ ਇਹ ਮਾੜਾ ਕਿਉਂ ਕਰ ਰਿਹਾ ਹੈ ਤੇ ਅਸੀਂ ਇਸਦਾ ਕੀ ਜਵਾਬ ਦੇਣਾ ਹੈ, ਬਾਰੇ ਸੋਚ ਕੇ ਜ਼ਿਆਦਾ ਦੁਖੀ ਹੁੰਦੇ ਰਹਿੰਦੇ ਹਾਂ।

ਜੇ ਅਫ਼ਸਰ ਮਾਤ ਦੇਣ ਤੋਂ ਬਾਅਦ ਰੋਜ਼ ਕਿਸੇ ਸਾਹਮਣੇ ਬੇਇਜ਼ਤੀ ਕਰਦਾ ਰਹੇ ਤਾਂ ਪਹਿਲਾਂ ਇਕੱਲੇ ਬੈਠ ਕੇ ਇਹ ਸੋਚਣਾ ਜ਼ਰੂਰੀ ਹੈ ਕਿ ਕਿਸ ਕਾਰਣ ਕਰਕੇ ਇਹ ਸਥਿਤੀ ਪੁੱਜੀ ? ਜੇ ਗ਼ਲਤੀ ਆਪਣੇ ਵਿਚ ਹੈ ਤਾਂ ਸੁਧਾਰਣੀ ਜ਼ਰੂਰੀ ਹੈ। ਜੇ ਗ਼ਲਤੀ ਅਫ਼ਸਰ ਦੀ ਹੈ ਤਾਂ ਫਟਕਾਰ ਸੁਣਨ ਤੇ ਭੜਕਣ ਦੀ ਬਜਾਏ ਕੁੱਝ ਦਿਨ ਸ਼ਾਂਤ ਰਹਿ ਕੇ ਫਟਕਾਰ ਤੋਂ ਇਕਦਮ ਬਾਅਦ ਇਹ ਕਹਿ ਕੇ ਵੇਖਿਆ ਜਾ ਸਕਦਾ ਹੈ, "ਮੁੱਕ ਗਿਆ ਜੀ, ਬੱਸ ਮੈਂ ਜਾਵਾਂ ?" ਕਿਸੇ ਵਿਹਲੇ ਤੇ ਸ਼ਾਂਤ ਵੇਲੇ ਅਫ਼ਸਰ ਨੂੰ ਮਿਲਕੇ ਗੱਲਬਾਤ ਵੀ ਕੀਤੀ ਜਾ ਸਕਦੀ ਹੈ। ਜੇ ਹਾਲਾਤ ਨਾ ਸੁਧਰਦੇ ਦਿਸਣ ਤਾਂ ਹਲੀਮੀ ਨਾਲ ਪਰ ਨਜ਼ਰ ਅਫਸਰ ਦੀਆਂ ਨਜ਼ਰਾਂ ਵਿਚ ਗੱਡ ਕੇ ਕਿਹਾ ਜਾ ਸਕਦਾ ਹੈ, "ਤੁਹਾਨੂੰ ਇਸਤਰ੍ਹਾਂ ਨਹੀਂ ਕਹਿਣਾ ਚਾਹੀਦਾ। ਸਭਯ ਲੋਕ ਇਸਤਰ੍ਹਾਂ ਗੱਲਬਾਤ ਨਹੀਂ ਕਰਦੇ। ਮੇਰੇ ਨਾਲ ਇਨਸਾਨਾਂ ਦੀ ਤਰ੍ਹਾਂ ਹੀ ਵਿਹਾਰ ਕਰੋ। ਇਸਤਰ੍ਹਾਂ ਮਿਲ ਜੁਲ ਕੇ ਅਸੀਂ ਚੰਗੀ ਤਰ੍ਹਾਂ ਕੰਮ ਕਰ ਸਕਾਂਗੇ।"

ਜੇ ਅਫ਼ਸਰ ਕਿਸੇ ਵੀ ਤਰ੍ਹਾਂ ਟਸ ਤੋਂ ਮਸ ਨਾ ਹੋਏ ਤੇ ਤੁਹਾਡੀ ਗ਼ਲਤੀ ਵੀ ਨਾ ਹੋਵੇ ਤਾਂ ਉਸਦੀ ਸ਼ਿਕਾਇਤ ਉੱਪਰ ਕੀਤੀ ਜਾ ਸਕਦੀ ਹੈ। ਉਸ ਅਫ਼ਸਰ ਦੇ ਦੋਸਤਾਂ ਨਾਲ ਗੱਲ ਸਾਂਝੀ ਕਰਨ ਵਿਚ ਕੋਈ ਹਰਜ਼ ਨਹੀਂ। ਜੇ ਅਫ਼ਸਰ ਦੇ ਸ਼ੌਕ ਬਾਰੇ ਪਤਾ ਲੱਗ ਜਾਏ ਤਾਂ ਕੰਮ ਅਸਾਨ ਹੋ ਸਕਦਾ ਹੈ। ਇਸੇ ਹੀ ਤਰ੍ਹਾਂ ਕਮਜ਼ੋਰੀ ਬਾਰੇ ਪਤਾ ਲੱਗਣ ਤੇ ਵੀ ਕੰਮ ਬਣ ਜਾਂਦਾ ਹੈ।

ਇਸ ਗੱਲ ਬਾਰੇ ਪੂਰੀ ਸਮਝ ਲੱਗ ਜਾਣੀ ਚਾਹੀਦੀ ਹੈ ਕਿ ਬਹੁਤੀ ਅਫ਼ਸਰਸ਼ਾਹੀ ਤਾਂ ਪਬਲਿਕ ਟੈਲੀਫ਼ੂਨ ਬਣ ਚੁੱਕੀ ਹੈ। ਜਦ ਤਕ ਮੂੰਹ ਵਿਚ ਪੈਸੇ ਨਾ ਪਾਓ, ਕੰਮ ਕਰਨਾ ਚਾਲੂ ਨਹੀਂ ਕਰਦੇ।

ਜੇ ਤੁਹਾਡਾ ਕੰਮ ਵਿਗਾੜਨ ਵਾਲਾ ਬੰਦਾ ਗ਼ੈਰ ਰਸਮੀ ਤੌਰ ਤੇ ਸਾਹਮਣੇ ਪੈ ਜਾਏ ਤਾਂ ਬਜਾਏ ਉਸਨੂੰ ਕੋਸਣ ਦੇ ਅਤੇ ਆਪਣੇ ਜ਼ਖ਼ਮ ਹਰੇ ਕਰਨ ਦੇ, ਉਸਦੀ ਗੱਲਬਾਤ ਤੋਂ ਉਸਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਖ਼ੀਰ ਵਿਚ ਉਸਨੂੰ ਸ਼ਰਮਿੰਦਾ ਕੀਤਾ ਜਾ ਸਕਦਾ ਹੈ, ਪਰ ਲੜਾਈ ਕੀਤੇ ਬਗ਼ੈਰ।

ਜੇ ਕਿਸੇ ਵੀ ਤਰੀਕੇ ਆਪਣੀ ਹਾਰ ਨੂੰ ਬਰਦਾਸ਼ਤ ਨਾ ਕੀਤਾ ਜਾ ਰਿਹਾ ਹੋਵੇ ਤਾਂ ਉਸ ਨਾਲ ਹੋ ਰਹੇ ਮਾੜੇ ਅਸਰਾਂ ਨੂੰ ਕਾਗਜ਼ ਤੇ ਲਿਖਣਾ ਸ਼ੁਰੂ ਕਰੋ। ਮਸਲਨ, ਨੀਂਦ ਉੱਡ ਚੁੱਕੀ ਹੈ, ਧੜਕਨ ਤੇਜ਼ ਹੋ ਰਹੀ ਹੈ, ਚਿੜਚਿੜਾਪਨ ਵਧ ਰਿਹਾ ਹੈ, ਭੁੱਖ ਖ਼ਤਮ ਹੋ ਰਹੀ ਹੈ, ਆਦਿ। ਕਾਗਜ਼ ਦੇ ਦੂਜੇ ਸਿਰੇ ਤੇ ਜਿੱਤਣ ਦੇ ਫ਼ਾਇਦੇ ਲਿਖ ਛੱਡੋ ਕਿ ਉਸ ਨਾਲ ਜ਼ਿੰਦਗੀ ਵਿਚ ਵੀ ਫ਼ਰਕ

ਪੈਣਾ ਸੀ। ਦੋਨਾਂ ਪਾਸਿਆਂ ਨੂੰ ਮਿਲਾ ਕੇ ਵੇਖ ਲਵੋ ਕਿ ਆਪਣੀ ਜ਼ਿੰਦਗੀ ਨੂੰ ਬੇਮਤਲਬ ਛੋਟੀ ਤਾਂ ਨਹੀਂ ਕਰ ਰਹੇ ? ਕੀ ਇਕ ਇਹ ਹਾਰ ਸਾਰੀ ਜ਼ਿੰਦਗੀ ਦਾ ਸੁਆਦ ਹੀ ਤਾਂ ਨਹੀਂ ਚੱਟ ਕਰਨ ਲੱਗ ਪਈ ? 'ਕੱਲ' ਦਾ ਕਿਸੇ ਨੂੰ ਪਤਾ ਨਹੀਂ ਤੇ ਆਪਣੇ ਲੰਘ ਚੁੱਕੇ ਵਕਤ ਨਾਲ ਆਪਣਾ 'ਅੱਜ' ਖ਼ਰਾਬ ਕਰਨਾ ਕਿੱਥੋਂ ਤਕ ਠੀਕ ਹੈ ?

ਭਾਈ ਭਤੀਜਾਵਾਦ ਹਰ ਥਾਂ ਤੇ ਹੈ ਪਰ ਇਸ ਨਾਲ ਜਿਨ੍ਹਾਂ ਨੇ ਅਗਾਂਹ ਵਧਣਾ ਹੁੰਦਾ ਹੈ, ਉਹ ਧਾਰਾਸ਼ਾਹੀ ਨਹੀਂ ਹੁੰਦੇ ਅਤੇ ਸੂਰਜ ਚੜ੍ਹਿਆ ਹਰ ਕਿਸੇ ਨੂੰ ਦਿਸ ਹੀ ਜਾਂਦਾ ਹੈ।

ਤਾਂ ਫੇਰ ਸੋਚਣ ਦੀ ਕੀ ਲੋੜ ਹੈ ? ਬਜਾਏ ਰੱਬ ਨੂੰ ਕੋਸਣ ਦੇ, ਰੱਬ ਵਿਚ ਅਤੇ ਆਪਣੇ ਉੱਪਰ ਵਿਸ਼ਵਾਸ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਜ਼ਿੰਦਗੀ ਜ਼ਿਆਦਾ ਖ਼ੂਬਸੂਰਤ ਜਾਪਦੀ ਹੈ। ਆਪਣੇ ਜ਼ਖ਼ਮਾਂ ਨੂੰ ਪੱਥਰ ਤੇ ਕਦੇ ਨਾ ਕੁਰੇਦੋ ਕਿ ਉਹ ਮਿਟਣ ਹੀ ਨਾ ਬਲਕਿ ਰੇਤ ਉੱਤੇ ਆਪਣੀਆਂ ਤਕਲੀਫ਼ਾਂ ਨੂੰ ਲਿਖੋ ਤਾਂ ਜੋ ਖੁਸ਼ੀਆਂ ਦੀਆਂ ਲਹਿਰਾਂ ਉਨ੍ਹਾਂ ਨੂੰ ਆਪਣੇ ਵਿਚ ਰੋਲ ਕੇ ਮਿਟਾ ਦੇਣ। ਆਪਣੀ ਹਾਰ ਦੇ ਗੁੱਸੇ ਨੂੰ ਅੱਖਾਂ ਰਾਹੀਂ ਵਹਿਣ ਦੇਣਾ ਚਾਹੀਦਾ ਹੈ ਤਾਂ ਜੋ ਉਸਨੂੰ ਜ਼ੁਬਾਨ ਰਾਹੀਂ ਬਾਹਰ ਨਿਕਲਣ ਦਾ ਮੌਕਾ ਨਾ ਮਿਲੇ।



ਇਕ ਹੋਰ ਕਿਸਮ ਦੀ ਹਾਰ ਬਾਰੇ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਉਹ ਭਲੇ ਵੇਲੇ ਸਨ ਜਦੋਂ ਪਿਆਰ ਨੂੰ ਇਬਾਦਤ ਸਮਝਿਆ ਜਾਂਦਾ ਸੀ। ਅੱਜ ਕਲ੍ਹ ਇਸਨੂੰ 'ਇਸ਼ਕ ਦੀ ਜੰਗ' ਕਰਾਰ ਦੇ ਦਿੱਤਾ ਗਿਆ ਹੈ। ਰੋਜ਼ ਹੀ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ ਕਿ ਕਿਸੇ ਪਿਆਰ ਦੇ ਮਾਰੇ ਨੇ ਆਪਣੀ ਮਸ਼ੂਕਾ ਨਾਲ ਵਿਆਹ ਨਾ ਕਰ ਸਕਣ ਕਾਰਣ ਉਸ ਦਾ ਕਤਲ ਕਰ ਦਿੱਤਾ।

ਇਸ਼ਕ ਵਿਚ ਜਿੱਤ ਤੇ ਹਾਰ ਦਾ ਤਾਂ ਸਵਾਲ ਹੀ ਨਹੀਂ ਉਠਦਾ। ਸੱਚੇ ਇਸ਼ਕ ਦਾ ਤਾਂ ਮਤਲਬ ਹੀ ਇਹ ਹੈ ਕਿ ਸਾਡਾ ਦਿਲ ਕਿਸੇ ਪਿਆਰੇ ਅੱਗੇ ਹਾਰ ਗਿਆ ਹੈ ਤੇ ਹੁਣ ਦੂਜੇ ਦਾ ਦਿਲ ਜਿੱਤਣਾ ਹੈ। ਜੇ ਦੂਜੇ ਦਾ ਦਿਲ ਜਿੱਤ ਹੀ ਨਹੀਂ ਸਕੇ ਤਾਂ ਇਸ ਵਿਚ ਗ਼ਲਤੀ ਆਪਣੀ ਹੀ ਹੈ। ਸਾਡਾ ਪਿਆਰ ਹੀ ਸੱਚਾ ਨਹੀਂ ਹੋਣਾ ਜਿਹੜਾ ਦੂਜੇ ਦੀਆਂ ਦਿਲ ਦੀਆਂ ਤਾਰਾਂ ਨੂੰ ਛੇੜ ਨਹੀਂ ਸਕਿਆ।

ਹਾਲਾਂਕਿ ਕਈ ਇਤਿਹਾਸਕ ਜੰਗਾਂ ਦਿਲ ਹਾਰਨ ਕਾਰਣ ਹੋਈਆਂ ਹਨ ਪਰ ਫਿਰ ਵੀ ਪ੍ਰਮਾਤਮਾ ਕਰੇ ਦਿਲ ਹਾਰਨ ਦਾ ਰੋਗ ਹਰ ਇਕ ਨੂੰ ਹੋਵੇ, ਭਾਵੇਂ ਉਹ ਇਸ਼ਕ ਹੋਵੇ ਕਿਤਾਬਾਂ ਨਾਲ, ਭਾਵੇਂ ਮਸ਼ੂਕ ਨਾਲ ਤੇ ਭਾਵੇਂ ਪ੍ਰਮਾਤਮਾ ਨਾਲ। ਇਸ ਤਰ੍ਹਾਂ ਜ਼ਿੰਦਗੀ ਬਹੁਤ ਖ਼ੂਬਸੂਰਤ ਜਾਪਣ ਲਗ ਪੈਂਦੀ ਹੈ ਤੇ ਇਨਸਾਨ ਚੜ੍ਹਦੀ ਕਲਾ ਵਿਚ ਰਹਿੰਦਾ ਹੈ।

**"ਜਿਸਮਾਂ ਨੂੰ ਲੋਕੀ ਪਿਆਰ ਕਰਦੇ, ਪਿਆਰ ਰੂਹਾਂ ਨੂੰ ਕਰਦਾ ਕੋਈ ਕੋਈ**
**ਆਪਣੀ ਖ਼ੁਸ਼ੀ ਤਾਂ ਹਰ ਕੋਈ ਮੰਗਦਾ, ਖ਼ੁਸ਼ੀ ਕਿਸੇ ਦੀ ਜਰਦਾ ਕੋਈ ਕੋਈ**
**ਪੈਸੇ ਵਾਲੇ ਦੀ ਲੋਕੀਂ ਕਰਨ ਸੋਭਾ, ਹਾਮੀ ਗ਼ਰੀਬ ਦੀ ਭਰਦਾ ਕੋਈ ਕੋਈ**
**ਉਂਝ ਤਾਂ ਲੋਕ ਨੇ ਬੜੇ ਫਿਰਦੇ, ਹਿੱਕ ਤਾਣ ਕੇ ਖੜ੍ਹਦਾ ਕੋਈ ਕੋਈ !"**

# ਅਪੀਲ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਮੂਹ ਮੈਂਬਰਾਨ, ਕਾਰਜਕਾਰੀ ਮੈਂਬਰ, ਵਰਕਿੰਗ ਕਮੇਟੀ ਮੈਂਬਰ ਅਤੇ ਸਮੂਹ ਅਹੁਦੇਦਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪ ਜੀ ਨਾਲ ਸੰਪਰਕ ਕਰਨ ਲਈ ਆਪੋ ਆਪਣੇ ਮੋਬਾਈਲ ਜਾਂ ਟੈਲੀਫ਼ੋਨ ਨੰਬਰ ਅਤੇ ਈ-ਮੇਲ ਪਤਾ ਫਾਊਂਡੇਸ਼ਨ ਦੇ ਦਫ਼ਤਰ ਵਿਖੇ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਮੈਨੇਜਮੈਂਟ ਵੱਲੋਂ ਫਾਊਂਡੇਸ਼ਨ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਸੰਬੰਧੀ ਸਮੇਂ ਸਿਰ ਆਪ ਜੀ ਨੂੰ ਸੂਚਿਤ ਕੀਤਾ ਜਾ ਸਕੇ।

**ਜਨਰਲ ਸਕੱਤਰ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**



**ਹਰਜਿੰਦਰ ਸਿੰਘ**

ਪਰਿਵਰਤਨ ਮਨੁੱਖੀ ਜੀਵਨ ਦੀ ਇਕ ਅਹਿਮ ਪ੍ਰਕਿਰਿਆ ਹੈ। ਸਮੇਂ ਦੇ ਨਾਲ ਮਨੁੱਖੀ ਜਿਊਣ ਢੰਗ ਅਤੇ ਮਨੁੱਖੀ ਕਾਰ ਵਿਹਾਰ ਵਿਚ ਪਰਿਵਰਤਨ ਆਉਣਾ ਸੁਭਾਵਿਕ ਹੈ। ਜਿਉਂ ਜਿਉਂ ਸਮੇਂ ਦੀ ਚਾਲ ਨਾਲ ਮਨੁੱਖੀ ਜੀਵਨ ਦਾ ਵਿਕਾਸ ਹੋਇਆ ਹੈ, ਤਿਉਂ-ਤਿਉਂ ਅਜਿਹੀਆਂ ਕਈ ਕਾਢਾਂ ਅਤੇ ਖੋਜਾਂ ਹੋਈਆਂ ਹਨ, ਜਿਨ੍ਹਾਂ ਨਾਲ ਮਨੁੱਖੀ ਜੀਵਨ ਦਾ ਵਰਤਾਰਾ ਵੀ ਬਦਲ ਗਿਆ ਹੈ। ਪਹਿਲੇ ਸਮਿਆਂ ਦੌਰਾਨ ਜਿਥੇ ਕਿਸੇ ਕੰਮ ਨੂੰ ਕਰਨ ਲਈ ਕਾਫੀ ਸਮਾਂ ਲੱਗ ਜਾਂਦਾ ਸੀ, ਅੱਜ ਦੇ ਸਮੇਂ ਦੌਰਾਨ ਓਹੀ ਕੰਮ ਤਕਨੀਕ ਦੇ ਵਿਕਾਸ ਨਾਲ ਮਿੰਟਾਂ-ਸਕਿੰਟਾਂ ਦੀ ਖੇਡ ਬਣ ਗਿਆ ਹੈ। ਪਰਿਵਰਤਨ ਦੇ ਮਨੁੱਖ ਨੂੰ ਜਿਥੇ ਕਈ ਲਾਭ ਹੋਏ ਹਨ, ਉਥੇ ਇਸ ਦੀਆਂ ਕਈ ਹਾਨੀਆਂ ਵੀ ਹੋਈਆਂ ਹਨ। ਸਮੇਂ ਦੇ ਬਦਲਾਅ ਅਤੇ ਅਤਿ-ਆਧੁਨਿਕ ਰੰਗਤ ਨੇ ਮਨੁੱਖੀ ਜੀਵਨ ਨੂੰ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਦੂਰ ਕਰ ਦਿੱਤਾ ਹੈ। ਚਾਟੀਆਂ, ਮਧਾਣੀਆਂ, ਕੂੰਡੇ, ਗਾਗਰਾਂ, ਤੌੜੀਆਂ, ਘੜੇ, ਛੱਜ, ਪੱਖੀਆਂ ਆਦਿ ਜੋ ਪਹਿਲਾਂ ਮਨੁੱਖੀ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਸਨ, ਅੱਜ ਦੇ ਸਮੇਂ ਦੌਰਾਨ ਇਹ ਸਾਰੀਆਂ ਚੀਜ਼ਾਂ ਸਿਰਫ ਅਜਾਇਬ ਘਰਾਂ, ਵਿਰਾਸਤੀ ਥਾਵਾਂ ਅਤੇ ਨੁਮਾਇਸ਼ਾਂ ਵਿਚ ਰੱਖਣ ਦੀਆਂ ਚੀਜ਼ਾਂ ਬਣ ਗਈਆਂ ਹਨ।

ਪਹਿਲੇ ਸਮੇਂ ਦੌਰਾਨ ਔਰਤਾਂ ਤੜਕੇ ਉੱਠ ਕੇ ਹੱਥੀਂ ਦੁੱਧ ਰਿੜਕਦੀਆਂ ਸਨ। ਲੋਕ ਸਵੇਰ ਵੇਲੇ ਦੁੱਧ, ਦਹੀਂ ਅਤੇ ਅੱਧ-ਰਿੜਕਾ ਪੀਂਦੇ ਹੁੰਦੇ ਸਨ। ਚਾਹ ਨੂੰ ਉਸ ਸਮੇਂ ਕੋਈ ਜਾਣਦਾ ਹੀ ਨਹੀਂ ਸੀ। ਇਸੇ ਕਰਕੇ ਥਕਾਵਟ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ ਸੀ। ਪਰ ਹੁਣ ਦੇ ਸਮੇਂ ਦੌਰਾਨ ਲੋਕ ਸਵੇਰ ਵੇਲੇ ਚਾਹ ਅਤੇ ਬਰੈੱਡ ਆਦਿ ਦਾ ਹੀ ਸੇਵਨ ਕਰਦੇ ਹਨ। ਚਾਟੀ ਦੀ ਲੱਸੀ ਅਤੇ ਮੱਖਣ ਦਾ ਸਵਾਦ ਅੱਜ ਵੀ ਭੁਲਾਇਆਂ ਨਹੀਂ ਭੁੱਲਦਾ। ਪਰ ਹੌਲੀ ਹੌਲੀ ਹੱਥੀਂ ਦੁੱਧ ਰਿੜਕਣ ਦੀ ਜਗ੍ਹਾ ਬਿਜਲੀ ਦੀਆਂ ਮਧਾਣੀਆਂ ਨੇ ਲੈ ਲਈ। ਇਸੇ ਤਰ੍ਹਾਂ ਦਾਣੇ ਛੱਟਣ ਲਈ ਵਰਤਿਆ ਜਾਣ ਵਾਲਾ ਛੱਜ ਵੀ ਸਿਰਫ ਸੱਭਿਆਚਾਰਕ ਪ੍ਰੋਗਰਾਮਾਂ ਦਾ ਹਿੱਸਾ ਬਣਦਾ ਜਾ ਰਿਹਾ ਹੈ। ਨਵੀਆਂ ਕੁੜੀਆਂ ਛੱਜ ਦੁਆਰਾ ਦਾਣੇ ਛੱਟਣ ਤੋਂ ਕਿਨਾਰਾ ਕਰ ਰਹੀਆਂ ਹਨ। ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਸੇ ਵਿਚੋਂ ਕਈ ਅਹਿਮ ਚੀਜ਼ਾਂ ਅੱਜ ਗਾਇਬ ਹੋ ਚੁੱਕੀਆਂ ਹਨ। ਸਾਡੇ ਉੱਪਰ ਪੱਛਮੀ ਰੰਗ-ਢੰਗ ਏਨਾ ਭਾਰੂ ਹੋ ਗਿਆ ਹੈ ਕਿ ਸਾਡੇ ਕਾਰ-ਵਿਹਾਰ, ਹਾਰ-ਸ਼ਿੰਗਾਰ, ਪਹਿਰਾਵਾ, ਖਾਣ-ਪੀਣ, ਰਸਮੋਂ-ਰਿਵਾਜ਼, ਰਹਿਣ-ਸਹਿਣ ਸਭ ਬਦਲ ਗਏ ਹਨ। ਸਾਡੇ ਅਮੀਰ ਸੱਭਿਆਚਾਰ ਉੱਪਰ ਪੱਛਮੀ ਸੱਭਿਆਚਾਰ ਦਾ ਬਹੁਤ ਪ੍ਰਭਾਵ ਪੈ ਰਿਹਾ ਹੈ ਅਤੇ ਅਸੀਂ ਆਪਣੇ ਸੱਭਿਆਚਾਰ ਦੀ ਪ੍ਰਵਾਹ ਕੀਤੇ ਬਿਨਾਂ ਪੱਛਮੀ ਸੱਭਿਆਚਾਰ ਨੂੰ ਅਪਣਾ ਰਹੇ ਹਾਂ।

ਭਾਵੇਂ ਅਸੀਂ ਇਨ੍ਹਾਂ ਵਿਰਾਸਤੀ ਚੀਜ਼ਾਂ ਨੂੰ ਆਪਣੇ ਘਰਾਂ ਵਿਚੋਂ ਕੱਢ ਦਿੱਤਾ ਹੈ ਪਰ ਅੱਜ ਵੱਡੇ-ਵੱਡੇ ਢਾਬੇ ਜਾਂ ਰੈਸਟੋਰੈਂਟ ਇਨ੍ਹਾਂ ਚੀਜ਼ਾਂ ਨੂੰ ਨੁਮਾਇਸ਼ ਵਜੋਂ ਸਜਾ ਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰ ਰਹੇ ਹਨ ਅਤੇ ਇਨ੍ਹਾਂ ਵਿਰਾਸਤੀ ਚੀਜ਼ਾਂ ਦੀ ਮਦਦ ਨਾਲ ਉਹ ਲੱਖਾਂ ਰੁਪਏ ਕਮਾ ਰਹੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਅਸੀਂ ਉਨ੍ਹਾਂ ਢਾਬਿਆਂ ਜਾਂ ਰੈਸਟੋਰੈਂਟਾਂ ਵਿਚ ਜਾ ਕੇ ਪੰਜਾਬੀ ਖਾਣੇ ਅਤੇ ਵਿਰਸੇ ਉੱਤੇ ਮਾਣ ਮਹਿਸੂਸ ਕਰਦੇ ਹਾਂ ਤਾਂ ਅਸੀਂ ਇਨ੍ਹਾਂ ਨੂੰ ਆਪਣੇ ਘਰਾਂ ਵਿਚੋਂ ਕਿਉਂ ਕੱਢ ਰਹੇ ਹਾਂ? ਅਸੀਂ ਇਨ੍ਹਾਂ ਵਿਰਾਸਤੀ ਵਸਤਾਂ ਨੂੰ ਆਪਣੇ ਘਰਾਂ ਵਿਚ ਕਿਉਂ ਨਹੀਂ ਸਜਾ ਸਕਦੇ? ਆਓ, ਅਸੀਂ ਸਾਰੇ ਮਿਲ ਕੇ ਆਪਣੇ ਵਿਰਸੇ ਅਤੇ ਸੱਭਿਆਚਾਰ ਨੂੰ ਸੰਭਾਲਣ ਦੀ ਕੋਸ਼ਿਸ਼ ਕਰੀਏ। ਸਮੇਂ ਨਾਲ ਬਦਲਾਅ ਹੋਣਾ ਸੁਭਾਵਿਕ ਹੈ ਪਰ ਆਪਣੇ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਵਿਸਾਰ ਕੇ ਕੋਈ ਕੌਮ ਤਰੱਕੀ ਨਹੀਂ ਕਰ ਸਕਦੀ। ਇਸੇ ਕਰਕੇ ਸਾਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਦੀ ਕਦਰ ਕਰਦੇ ਹੋਏ ਇਸ ਨੂੰ ਸੰਭਾਲਣ ਦੇ ਯਤਨ ਕਰਨੇ ਚਾਹੀਦੇ ਹਨ।



# ਖੇਡ ਸਭਿਆਚਾਰ

ਪ੍ਰਿੰ. ਕੇਵਲ ਸਿੰਘ ਗਿੱਲ

ਸਿੱਖ ਵੀ ਵਿਸ਼ਵ ਦੇ ਦੂਜੇ ਮਨੁੱਖਾਂ ਵਾਂਗ ਬਹੁਪੱਖੀ ਮੁਕਾਬਲਿਆਂ ਦੇ ਯੁੱਗ ਵਿਚ ਜੀਵਨ ਦੇ ਹਰ ਖੇਤਰ ਵਿਚ ਦੂਜੀਆਂ ਕੌਮਾਂ ਦੇ ਲੋਕਾਂ ਨਾਲ ਮੁਕਾਬਲੇ ਵਿਚ ਰਹਿਣਾ ਚਾਹੁੰਦੇ ਹਨ। ਸ਼ਖ਼ਸੀਅਤਾਂ ਦੇ ਮੁਕਾਬਲੇ ਨਾਲ ਵੀ ਅਕਸਰ ਕਈ ਕੌਮਾਂ ਦੇ ਭਵਿੱਖ ਜੁੜ ਜਾਇਆ ਕਰਦੇ ਹਨ। ਮਨੁੱਖ ਨੇ ਆਪਣੇ ਇਤਿਹਾਸ ਵਿਚ ਜਿਹੋ ਜਿਹੀਆਂ ਖੇਡਾਂ ਦਾ ਵਿਕਾਸ ਕਰ ਲਿਆ ਹੈ, ਉਹ ਵਿਸ਼ਵ ਦੇ ਹਰ ਹਿੱਸੇ ਵਿਚ ਖੇਡੀਆਂ ਜਾਂਦੀਆਂ ਹਨ। ਵਿਅਕਤੀਗਤ ਖੇਡਾਂ ਦੇ ਨਾਲ-ਨਾਲ ਟੀਮਾਂ ਦੇ ਰੂਪ ਵਿਚ ਵੀ ਖਿਡਾਰੀ ਖੇਡਾਂ ਦੇ ਪਿੜ ਵਿਚ ਮੁਕਾਬਲੇ ਵਿਚ ਉਤਰਦੀਆਂ ਹਨ।

ਖੇਡਾਂ ਅਤੇ ਹੋਰ ਸਰੀਰਕ ਕਿਰਿਆਵਾਂ ਦੁਆਰਾ ਮਨੁੱਖ ਦੇ ਵਿਕਾਸ ਨੂੰ ਗੁਰਮਤਿ ਵਿਚਾਰਧਾਰਾ ਜੀਵਨ ਸ਼ੈਲੀ ਵਿਚ ਪ੍ਰਥਮ ਸਥਾਨ ਦਿੰਦੀ ਹੈ। ਗੁਰਬਾਣੀ ਸਿਧਾਂਤ ਮਨੁੱਖ ਦੇ ਹੱਸਣ, ਨੱਚਣ, ਟੱਪਣ ਆਦਿ ਨੂੰ ਉਸ ਦੇ ਚਿੱਤ ਦੀਆਂ ਵੱਖ-ਵੱਖ ਦਿਸ਼ਾਵਾਂ ਵਾਂਗ ਮੰਨਦੇ ਹਨ। (ਨੱਚਣ ਕੁਦਣ ਮਨ ਕਾ ਚਾਉ॥ ਗੁ.ਗ੍ਰੰ. ਸਾ. ਪੰਨਾ 465) ਇਹ ਸਿਧਾਂਤ ਖ਼ੁਸ਼ੀ ਦੇ ਸਮੇਂ ਨੂੰ ਮਨੁੱਖ ਉਤੇ ਪਰਮਾਤਮਾ ਦੀ ਬਖਸ਼ਿਸ਼ ਵਾਂਗ ਵੇਖਦਾ ਹੈ। ਯਾਨੀ ਜਿਨ੍ਹਾਂ ਲੋਕਾਂ ਉਤੇ ਪਰਮਾਤਮਾ ਦੀ ਬਖਸ਼ਿਸ਼ ਹੁੰਦੀ ਹੈ ਉਹੋ ਹੀ ਖੇਡਦੇ, ਬੋਲਦੇ ਅਤੇ ਖਿੜਦੇ ਹਨ। (ਖੇਲਹਿ ਬਿਗਸਹਿ ਅਨਦ ਲਿਉ ਜਾ ਕਉ ਹੋਤ ਕ੍ਰਿਪਾਲ॥ ਪੰਨਾ 253) ਸਪੱਸ਼ਟ ਹੈ ਕਿ ਇਹ ਸਿੱਖ ਨੂੰ ਇਕ ਨੀਰਸ, ਉਦਾਸ ਅਤੇ ਅਲੱਗ-ਥਲੱਗਤਾ ਵਾਲਾ ਜੀਵਨ ਜੀਊਣ ਲਈ ਨਹੀਂ ਸਗੋਂ ਖੇਡਾਂ ਤੇ ਹੋਰ ਅਜਿਹੀਆਂ ਕਿਰਿਆਵਾਂ ਰਾਹੀਂ ਆਪਣੇ ਚਿੱਤ ਦੀਆਂ ਉਮੰਗਾਂ ਦਾ ਖ਼ੁਸ਼ੀਆਂ ਵਿਚ ਪ੍ਰਗਟਾਵਾ ਕਰਨ ਵਾਲਾ ਜੀਵਨ ਜੀਊਣ ਦੀ ਪ੍ਰੇਰਨਾ ਦਿੰਦਾ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਖ਼ੁਦ ਸਿੱਖਾਂ ਨੂੰ ਸੰਪੂਰਨ ਜੀਵਨ ਜੀਊਣ ਦੀ ਜਾਚ ਸਿਖਾਉਣ ਲਈ ਆਪ ਕੁਸ਼ਤੀਆਂ, ਤੀਰ-ਅੰਦਾਜ਼ੀ, ਘੋੜ-ਸਵਾਰੀ, ਲੰਮੀਆਂ ਦੌੜਾਂ, ਘੋਲਾਂ ਆਦਿ ਤੇ ਅਖਾੜਿਆਂ ਦਾ ਪ੍ਰਬੰਧ ਕੀਤਾ, ਇਥੇ ਸਿੱਖਾਂ ਦੇ ਆਪਸੀ ਮੁਕਾਬਲੇ ਵੀ ਕਰਵਾਏ ਜਾਂਦੇ ਸਨ। ਜਿਨ੍ਹਾਂ ਲੋਕਾਂ ਦਾ ਵਕਤ ਦੇ ਹਾਕਮਾਂ ਵਿਰੁੱਧ ਹਥਿਆਰਬੰਦ ਸੰਘਰਸ਼ ਲੜਨਾ ਇਕ ਲੋੜ ਬਣ ਗਈ ਹੋਵੇ ਉਹਨਾਂ ਲਈ ਖੇਡਾਂ ਰਾਹੀਂ ਤੰਦਰੁਸਤ, ਚੁਸਤ-ਫੁਰਤ ਸਰੀਰ ਅਤੇ ਚੇਤੰਨ ਦਿਮਾਗ਼ ਦਾ ਹੋਣਾ ਜੀਵਨ ਦੀ ਜ਼ਰੂਰੀ ਕਿਰਿਆ ਬਣ ਜਾਂਦੀ ਹੈ।

ਹਰ ਕੌਮ ਲਈ ਵਿਸ਼ਵ ਦੇ ਇਕ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਸੱਤਾ ਸਥਾਪਤੀ ਤੇ ਇਸ ਦੀ ਸਫਲਤਾ ਆਪਣੇ ਆਪ ਵਿਚ ਕੌਮੀਂ ਉਸਾਰੀ ਲਈ ਮਹੱਤਵਪੂਰਨ ਸਾਧਨ ਹੁੰਦਾ ਹੈ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਈ ਹੇਠ ਸਿੱਖ ਸੱਤਾਅ ਦਾ ਸਥਾਪਤ ਹੋਣਾ, ਸਿੱਖਾਂ ਦਾ ਇਸ ਪ੍ਰਥਾਇ ਵੱਡੇ ਸੁਪਨੇ ਦਾ ਪੂਰਾ ਹੋਣਾ ਸੀ। ਜੰਗਾਂ ਯੁੱਧਾਂ ਲਈ ਸਿੱਖਾਂ ਅਤੇ ਹੋਰ ਪੰਜਾਬੀਆਂ ਲਈ ਸਰੀਰਾਂ ਦੇ ਕੱਚੇ ਮਾਲ ਦੀ ਤਿਆਰੀ ਸੰਬੰਧੀ ਰਣਜੀਤ ਸਿੰਘ ਅਤੇ ਉਸ ਦੇ ਯੂਰਪੀ ਜਰਨੈਲਾਂ ਨੇ ਬੇਅੰਤ ਯਤਨ ਕੀਤੇ ਪਰ ਉਹ ਸਿੱਖ ਕੌਮ ਦੀ ਇਕ ਵਿਸ਼ੇਸ਼ ਖੇਡ ਨੀਤੀ ਅਨੁਸਾਰ ਇਸ ਨੂੰ ਸੰਸਥਾ ਦੇ ਰੂਪ ਵਿਚ ਭਵਿੱਖ ਵਿਚ ਵਿਕਸਤ ਕਰਨ ਹਿੱਤ ਕੋਈ ਵਿਸ਼ੇਸ਼ ਆਧਾਰ ਸਥਾਪਿਤ ਨਾ ਕਰ ਸਕੇ। ਇਸ ਖੇਤਰ ਵਿਚ ਸਿੱਖ ਇਤਿਹਾਸ ਦੇ ਪੰਨੇ ਪੂਰੇ ਦੇ ਪੂਰੇ ਕੋਰੇ ਪਏ ਹਨ। ਅੰਗਰੇਜ਼ਾਂ ਨੇ ਸਿੱਖਾਂ ਅਤੇ ਭਾਰਤੀਆਂ ਨੂੰ ਆਪਣੇ ਹਿੱਤਾਂ ਲਈ ਵਰਤਣ ਅਤੇ ਉਹਨਾਂ ਵਿਚ ਗ਼ੁਲਾਮ ਬਿਰਤੀ ਬਣਾਈ ਰੱਖਣ ਲਈ ਵੀ ਅਨੇਕਾਂ ਉਪਰਾਲੇ ਕੀਤੇ। ਖੇਡਾਂ ਦੇ ਖੇਤਰ ਵਿਚ ਉਹਨਾਂ ਵੱਲੋਂ ਜੋ ਕੁਝ ਕਰਨਾ ਚਾਹੀਦਾ ਸੀ, ਨਹੀਂ ਕੀਤਾ ਗਿਆ। ਸਿੱਖਾਂ ਅਤੇ ਭਾਰਤੀਆਂ ਦੇ ਰਿਸ਼ਟ-ਪੁਸ਼ਟ ਸਰੀਰਾਂ ਦਾ ਸ਼ੋਸ਼ਣ ਕਰਦਿਆਂ ਉਹਨਾਂ ਨੇ ਹਾਕੀ, ਕ੍ਰਿਕਟ, ਪੋਲੋ, ਐਥਲੈਟਿਕਸ ਅਤੇ ਸਥਾਨਕ ਪੱਧਰ ਦੀਆਂ ਖੇਡਾਂ ਵਿਚ ਉਹਨਾਂ ਨੂੰ ਉਤਸ਼ਾਹਿਤ ਕਰਨ ਦਾ ਯਤਨ ਤਾਂ ਜ਼ਰੂਰ ਕੀਤਾ ਪਰ ਇਸ ਪਿੱਛੇ ਵੀ ਉਹਨਾਂ ਦੀ ਆਪਣੇ ਆਪ ਨੂੰ ਏਸ਼ੀਆ ਦੀ ਇਕ ਅਗਾਂਹ-ਵਧੂ ਅੰਗਰੇਜ਼ ਕੌਮ ਵਜੋਂ ਸਥਾਪਤ ਕਰਨ ਦੀ ਵਧੇਰੇ ਲਾਲਸਾ ਕੰਮ ਕਰਦੀ ਸੀ। ਪਰ ਇਹ ਵੀ ਸੱਚਾਈ ਹੈ ਕਿ ਭਾਰਤ ਵਿਚ ਹਾਕੀ ਦੇ ਸੁਨਹਿਰੀ ਯੁਗ ਦੀ ਸ਼ੁਰੂਆਤ ਅੰਗਰੇਜ਼ਾਂ ਦੇ ਸਮੇਂ ਆਰੰਭ ਹੋ ਗਈ ਸੀ। ਜਿਸ ਪੱਧਰ ਉਤੇ ਉਹ ਪੰਜਾਬ ਦੇ ਸਿੱਖਾਂ ਵਿਚ ਯੂਰਪੀਆਂ ਵਾਂਗ ਖੇਡਾਂ ਦੀ ਰੁਚੀ ਅਤੇ ਹੋਰ ਸਟੇਡੀਅਮਾਂ ਸਮੇਤ ਹੋਰ ਸਾਜ਼ੋ-ਸਮਾਨ ਅਤੇ ਮੁਕਾਬਲੇ ਦਾ ਵਾਤਾਵਰਣ ਸਿਰਜ ਸਕਦੇ ਸਨ, ਉਹ ਉਸ ਪੱਧਰ ਤੱਕ ਨਹੀਂ ਕੀਤਾ ਗਿਆ।

ਹਰ ਸੱਤਾਅ ਵੱਲੋਂ ਕਾਰਜਾਂ ਦੀ ਪੂਰਤੀ ਲਈ ਹਮੇਸ਼ਾ ਕੁਝ ਤਰਜੀਹਾਂ ਨੀਯਤ ਕੀਤੀਆਂ ਜਾਂਦੀਆਂ ਹਨ। ਜਦੋਂ ਅੰਗਰੇਜ਼ ਭਾਰਤ ਛੱਡ ਕੇ ਚਲੇ ਗਏ ਤਾਂ ਭਾਰਤ ਸਰਕਾਰ ਨੇ ਖੇਡਾਂ ਸੰਬੰਧੀ ਕੁਝ ਨਵੀਆਂ ਤਰਜੀਹਾਂ ਤੇ ਯੋਜਨਾਵਾਂ ਉਲੀਕੀਆਂ ਜਿਨ੍ਹਾਂ ਨਾਲ ਭਾਰਤੀ ਖੇਡਾਂ ਨੂੰ ਨਵਾਂ ਹੁਲਾਰਾ, ਦਿਸ਼ਾ ਅਤੇ ਮਕਸਦ ਮਿਲੇ। ਖੇਡਾਂ ਦੀ ਕੌਮੀ ਜੀਵਨ ਵਿਚ ਲੋੜ ਤੇ ਮਹੱਤਤਾ ਨੂੰ ਦੇਖਦਿਆਂ ਕੁਝ ਨਵੇਂ ਯਤਨ ਆਰੰਭੇ ਗਏ। 50 ਸਾਲ ਬਾਅਦ ਇਸ ਦੇ ਕੁ ਨਤੀਜੇ ਤਾਂ ਜ਼ਰੂਰ ਨਿਕਲੇ ਹਨ ਪਰ ਖੇਡਾਂ ਦੇ ਅੰਤਰ-ਰਾਸ਼ਟਰੀ ਮਿਆਰ ਅਨੁਸਾਰ ਭਾਰਤ ਅਤੇ ਸਿੱਖਾਂ ਨੇ ਅਜੇ ਲੰਮਾ ਪੈਂਡਾ ਤੈਅ ਕਰਨਾ ਹੈ। ਇਸ ਪ੍ਰਸੰਗ ਵਿਚ ਵੱਖਰੇ ਸਿੱਖ ਖੇਡ ਸਭਿਆਚਾਰ ਨੂੰ ਉਤਪੰਨ ਕਰਨ ਦੀ ਲੋੜ ਮਹਿਸੂਸ ਹੋ ਰਹੀ ਹੈ, ਜਿਸ ਬਾਰੇ ਅਸੀਂ ਇਕ ਖ਼ਾਕਾ ਸਿਰਜਣ ਦਾ ਯਤਨ ਕਰਾਂਗੇ।



ਮਨੁੱਖ ਦੇ ਜੀਵਨ ਵਿਚ ਖੇਡਾਂ ਦੀ ਲੋੜ ਅਤੇ ਮਹੱਤਤਾ ਹੁੰਦੀ ਹੈ, ਸਾਡੇ ਲਈ ਇਹ ਜਾਨਣਾ ਬਹੁਤ ਜ਼ਰੂਰੀ ਹੈ। ਇਹ ਉਸ ਦੀ ਨਿੱਜੀ ਅਤੇ ਸਮੂਹਕ ਪੱਧਰ 'ਤੇ ਪ੍ਰਭਾਵ ਬਣਾਉਂਦੀਆਂ ਹਨ। ਉੱਤਮ ਸਖ਼ਸ਼ੀਅਤਾਂ ਹੀ ਉੱਤਮ ਸਮਾਜ ਦੀਆਂ ਨੀਂਹਾਂ ਹੁੰਦੀਆਂ ਹਨ। ਖੇਡਾਂ ਇਕ ਵਿਅਕਤੀ ਦੀ ਸਰੀਰਕ ਸਿਹਤ, ਮਾਨਸਿਕ ਪੱਧਰ, ਬੌਧਿਕ ਵਿਕਾਸ ਅਤੇ ਉਸ ਦੀ ਅੱਗੇ ਵਧਣ ਦੀ ਰੁਚੀ ਨੂੰ ਯਕੀਨੀ ਬਣਾਉਂਦੀਆਂ ਹਨ। ਕਿਉਂਕਿ ਖਿਡਾਰੀ ਸਾਧਾਰਨ ਲੋਕਾਂ ਤੋਂ ਵੱਖਰੀ ਕਿਸਮ ਦੀ ਸਖ਼ਸ਼ੀਅਤ ਵਜੋਂ ਸਮਾਜ ਵਿਚ ਵਿਚਰਦਾ ਹੈ, ਇਸ ਲਈ ਉਹ ਆਪਣੇ ਆਪ ਵਿਚ ਸਮਾਜ ਅਤੇ ਨੌਜਵਾਨ ਪੀੜ੍ਹੀ ਲਈ ਇਕ ਨਾਇਕ ਵਜੋਂ ਉੱਭਰਦਾ ਹੈ। ਜਿਥੇ ਖੇਡਾਂ ਉਸ ਨੂੰ ਆਰਥਿਕ ਸੁਰੱਖਿਆ ਪ੍ਰਦਾਨ ਕਰਦੀਆਂ ਹਨ, ਉਥੇ ਇਹ ਸਮਾਜ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਦੂਰ ਕਰਨ ਦਾ ਮਹੱਤਵਪੂਰਨ ਸਾਧਨ ਵੀ ਬਣਦੀਆਂ ਹਨ। ਖੇਡਾਂ ਵਿਚ ਰੁਚਿਤ ਹਰ ਉਮਰ ਦਾ ਵਿਅਕਤੀ ਜੀਵਨ ਦੀਆਂ ਨਾਕਾਰਆਮਦ ਰੁਚੀਆਂ, ਵਿਹਲੜਪੁਣਾ, ਨਸ਼ੇਖ਼ੋਰੀ ਅਤੇ ਹੋਰ ਨਾਂਹਪੱਖੀ ਕਿਰਿਆਵਾਂ ਤੋਂ ਦੂਰ ਰਹਿੰਦਾ ਹੈ। ਖੇਡਾਂ ਦਿਲ ਪ੍ਰਚਾਵੇ ਦਾ ਸਾਧਨ ਵੀ ਹੁੰਦੀਆਂ ਹਨ, ਜੋ ਮਨੁੱਖ ਦੀ ਤਣਾਉ ਭਰੀ ਜ਼ਿੰਦਗੀ ਤੋਂ ਉਸ ਨੂੰ ਨਿਜਾਤ ਦਿਵਾ ਕੇ ਉਸ ਦੇ ਜੀਵਨ ਵਿਚ ਖੇੜਾ ਅਤੇ ਉਤਸ਼ਾਹ ਲਿਆਉਂਦੀਆਂ ਹਨ। ਖੇਡਾਂ, ਚੂੰਕਿ ਮੁੱਢਲੇ ਤੌਰ 'ਤੇ ਸਰੀਰਕ ਅਤੇ ਮਾਨਸਿਕ ਮੁਕਾਬਲੇ ਨਾਲ ਜੁੜੀਆਂ ਹੁੰਦੀਆਂ ਹਨ, ਇਸ ਲਈ ਇਸ ਤਰ੍ਹਾਂ ਦੀ ਮਾਨਸਿਕਤਾ ਦਾ ਪ੍ਰਭਾਵ ਮਨੁੱਖ ਦੀ ਜ਼ਿੰਦਗੀ ਵਿਚ ਸਫਲਤਾ ਪ੍ਰਾਪਤ ਕਰਨ ਲਈ ਵਿਸ਼ੇਸ਼ ਚਾਲਕ ਸ਼ਕਤੀ ਵਾਂਗ ਕੰਮ ਕਰਦਾ ਹੈ। ਪੇਸ਼ੇਵਾਰਾਨਾ ਖੇਡਾਂ ਨਾਲ ਜਿਥੇ ਇਕ ਵਿਅਕਤੀ ਦਾ ਜੀਵਨ ਭਵਿੱਖ ਸੁਨਿਸ਼ਚਿਤ ਹੁੰਦਾ ਹੈ, ਉਥੇ ਇਹ ਸਮਾਜ ਨੂੰ ਆਪਸ ਵਿਚ ਜੋੜਨ ਦਾ ਇਕ ਵੱਡਾ ਸਾਧਕ ਵੀ ਬਣਦੀਆਂ ਹਨ।

ਬਦਲਦੇ ਯੁੱਗ ਵਿਚ ਜਦੋਂ ਖੇਡਾਂ ਵਿਚ ਪੇਸ਼ੇਵਾਰਾਨਾ ਪਹੁੰਚ ਤੇ ਰੁਝਾਨ ਭਾਰੂ ਹੋ ਰਹੇ ਹਨ ਅਤੇ ਸੈਟੇਲਾਈਟ ਤੇ ਹੋਰ ਸੰਚਾਰ ਸਾਧਨਾਂ ਨੇ ਇਸ ਨੂੰ ਸਿੱਧੇ ਪ੍ਰਸਾਰਣਾਂ ਰਾਹੀਂ ਪਰਿਵਾਰਾਂ ਦੇ ਡਰਾਇੰਗ ਰੂਮਾਂ ਤੱਕ ਪਹੁੰਚਾ ਦਿੱਤਾ ਹੈ। ਉਸ ਨਾਲ ਇਸ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ, ਕਿਉਂਕਿ ਇਹਨਾਂ ਨਾਲ ਉਦਯੋਗਾਂ ਅਤੇ ਵਪਾਰਕ ਸਾਧਨਾਂ ਵਿਚ ਵੱਡੇ ਪੈਮਾਨੇ 'ਤੇ ਵਾਧਾ ਹੋਇਆ ਹੈ। ਖਿਡਾਰੀਆਂ ਨੂੰ ਪਹੁੰਚੇ ਆਰਥਿਕ ਲਾਭ ਅਤੇ ਉਹਨਾਂ ਦੀ ਗਿਣਤੀ ਵਿਚ ਹੋਏ ਵਾਧੇ ਨਾਲ ਖੇਡਾਂ ਨੌਜਵਾਨਾਂ ਦੀ ਸ਼ਮੂਲੀਅਤ ਅਤੇ ਕੈਰੀਅਰ ਦਾ ਮਹੱਤਵਪੂਰਨ ਸਾਧਨ ਹੋ ਰਹੀਆਂ ਹਨ। ਜਿਨ੍ਹਾਂ ਦੇਸਾਂ ਵਿਚ ਖੇਡਾਂ ਮੁਕੰਮਲ ਰੂਪ ਵਿਚ ਸਭਿਆਚਾਰਕ ਅਤੇ ਸੰਸਥਾ ਦੇ ਰੂਪ ਵਿਚ ਸਥਾਪਿਤ ਹੋ ਚੁੱਕੀਆਂ ਹਨ, ਉਹਨਾਂ ਵਿਚ ਕਈ ਨੌਜਵਾਨ ਜੀਵਨ ਤੇ ਹੋਰ ਕੈਰੀਅਰ ਤਿਆਗ ਕੇ ਖੇਡਾਂ ਨੂੰ ਜੀਵਨ ਕੈਰੀਅਰ ਦੇ ਰੂਪ ਵਿਚ ਅਪਣਾ ਰਹੇ ਹਨ। ਕੁਝ ਖਿਡਾਰੀ 24-25 ਸਾਲ ਦੀ ਉਮਰ ਤੱਕ ਪਹੁੰਚਦਿਆਂ ਪਹੁੰਚਦਿਆਂ ਲੱਖਾਂ ਕਰੋੜਾਂ ਦੇ ਮਾਲਕ ਬਣ ਜਾਂਦੇ ਹਨ। ਛੋਟੀ ਉਮਰ ਤੋਂ ਹੀ ਨੌਜਵਾਨ ਬੱਚੇ-ਬੱਚੀਆਂ ਜਦੋਂ ਅੰਤਰ-ਰਾਸ਼ਟਰੀ ਪੱਧਰ ਤੱਕ ਦੇ ਮੁਕਾਬਲਿਆਂ ਵਿਚ ਸਫਲਤਾ ਦੇ ਝੰਡੇ ਗੱਡਣ ਲੱਗ ਪੈਂਦੇ ਹਨ ਤਾਂ ਉਹਨਾਂ ਵਰਗੇ ਹਜ਼ਾਰਾਂ ਬੱਚੇ ਆਪਣੇ-ਆਪਣੇ ਦੇਸ਼ਾਂ ਵਿਚ ਹੋਰ ਕਿਤਨੇ ਵੱਡੇ ਸਟੇਡੀਅਮ ਸਾਜ਼ੋ-ਸਾਮਾਨ ਅਤੇ ਸਿਖਾਉਣ ਵਾਲਿਆਂ ਦੇ ਹੱਥਾਂ ਵਿਚੋਂ ਨਿਕਲ ਰਹੇ ਹੁੰਦੇ ਹਨ। ਇਸ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਨਿਸ਼ਚੇ ਹੀ ਅਜਿਹੀਆਂ ਪ੍ਰਾਪਤੀਆਂ ਖੇਡਾਂ ਨੂੰ ਸੰਸਥਾ ਅਤੇ ਸੱਭਿਆਚਾਰ ਦੇ ਰੂਪ ਵਿਚ ਸਥਾਪਿਤ ਕਰਨ ਤੋਂ ਬਿਨਾਂ ਨਹੀਂ ਹੋ ਸਕਦੀਆਂ।

ਵਿਚਾਰਨਯੋਗ ਗੱਲ ਹੈ ਕਿ ਆਖ਼ਰ ਕੀ ਕਾਰਨ ਹਨ ਕਿ ਭਾਰਤ ਖੇਡਾਂ ਦੇ ਮੁਕਾਬਲੇ ਵਿਚ ਵਿਸ਼ਵ ਦਾ ਇਕ ਪੱਛੜਿਆ ਹੋਇਆ ਦੇਸ਼ ਬਣ ਗਿਆ ਹੈ। ਖੇਡਾਂ ਵਿਚ ਸਫਲਤਾ ਦਾ ਸੰਬੰਧ ਇਕ ਖਿਡਾਰੀ ਦੀ ਸਰੀਰਕ ਸ਼ਕਤੀ, ਉਸ ਦੀ ਦਿਮਾਗ਼ੀ ਸਥਿਤੀ, ਆਤਮ ਵਿਸ਼ਵਾਸ, ਮਾਨਸਿਕ ਸੰਤੁਲਨ, ਮਿਹਨਤ, ਕੌਮੀ ਸਵੈਮਾਣ ਵਾਲੀ ਬਿਰਤੀ ਅਤੇ ਉਸ ਅੰਦਰਲੀ ਜਾਨ ਵਾਰਨ ਵਾਲੀ ਭਾਵਨਾ (Killer Instinct) ਉੱਤੇ ਵਧੇਰੇ ਨਿਰਭਰ ਹੁੰਦੀ ਹੈ। ਆਖ਼ਰ ਜੋ ਲੋਕ ਸਮੁੱਚੇ ਤੌਰ 'ਤੇ ਖੇਡਾਂ ਵਿਚ ਵੱਡੀਆਂ ਪ੍ਰਾਪਤੀਆਂ ਕਰਦੇ ਹਨ, ਉਹਨਾਂ ਦੇ ਕਾਹਰੀ ਤੌਰ 'ਤੇ ਇਕੋ ਤਰ੍ਹਾਂ ਦੇ ਸਰੀਰਕ ਅੰਗ ਹੁੰਦੇ ਹਨ। ਬਸ ਸਫਲਤਾ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਕੋਲ ਉਪਰਲੇ ਗੁਣ ਹੀ ਉਹਨਾਂ ਦੇ ਵਾਧੂ ਅੰਗ ਹੁੰਦੇ ਹਨ ਜੋ ਹਾਰਨ ਵਾਲਿਆਂ ਕੋਲ ਨਹੀਂ ਹੁੰਦੇ। ਵਿਗਿਆਨੀ ਇਕ ਮੱਤ ਹਨ ਕਿ ਹਰ ਇਕ ਮਨੁੱਖ ਵਿਚ ਇਕੋ ਜਿਹੀ ਸ਼ਕਤੀ ਹੁੰਦੀ ਹੈ ਪਰ ਪਿੱਛੇ ਰਹਿ ਜਾਣ ਦਾ ਸੰਤਾਪ ਉਹ ਖਿਡਾਰੀ ਹੀ ਆਮ ਤੌਰ 'ਤੇ ਭੋਗਦੇ ਹਨ ਜਿਹੜੇ ਉਸ ਪੱਧਰ ਤੱਕ ਤਿਆਰ ਨਹੀਂ ਹੋਏ ਹੁੰਦੇ। ਫਿਰ ਕੀ ਕਾਰਨ ਹੈ ਕਿ ਭਾਰਤ ਦੇ ਖਿਡਾਰੀ ਅੱਵਲ ਤਾਂ ਉਲੰਪਿਕ ਦੀਆਂ ਖੇਡਾਂ ਦੇ



ਸਾਰੇ ਅਨੁਸ਼ਾਸ਼ਨ ਵਿਚ ਹਿੱਸਾ ਹੀ ਨਹੀਂ ਲੈਂਦੇ ਅਤੇ ਜੇਕਰ ਹਿੱਸਾ ਲੈਂਦੇ ਵੀ ਹਨ ਤਾਂ ਉਹ ਵਿਸ਼ੇਸ਼ ਖੇਡ ਖੇਡਣ ਦੀ ਯੋਗਤਾ ਦੀ ਪਹਿਲੀ ਪੌੜੀ ਹੀ ਨਹੀਂ ਚੜ੍ਹ ਸਕਦੇ। ਮਹਿਸੂਸ ਹੁੰਦਾ ਹੈ ਕਿ ਜੋ ਸਹੂਲਤਾਂ, ਸਿਖਲਾਈ, ਪ੍ਰੇਰਨਾ (Motivation), ਉਤਸ਼ਾਹ ਅਤੇ ਵਾਤਾਰਣ ਆਦਿ ਦੂਜੀਆਂ ਕੌਮਾਂ ਆਪਣੇ ਖਿਡਾਰੀਆਂ ਨੂੰ ਦਿੰਦੀਆਂ ਹਨ ਅਤੇ ਇਸ ਸੰਬੰਧੀ ਆਪਣੇ ਫੈਸਲਿਆਂ ਨੂੰ ਧੁਰ ਹੇਠਾਂ ਤੱਕ ਲਾਗੂ ਕਰਦੀਆਂ ਹਨ, ਉਸ ਦੀ ਸਾਡੇ ਵਿਚ ਘਾਟ ਹੈ।

ਪ੍ਰੋ. ਪੂਰਨ ਸਿੰਘ ਦੀ Spirit Born People ਦੇ ਪੰਜਾਬੀ ਅਨੁਵਾਦਕ ਨੇ ਕੁਝ ਸਿੱਖਾਂ ਦੀ ਬਣ ਚੁੱਕੀ ਪ੍ਰਵਿਰਤੀ ਬਾਰੇ ਲਿਖਿਆ ਹੈ ਕਿ ਜੇਕਰ ਉਹ (ਸਿੱਖ) ਆਪਣੇ ਉਤੇ ਇਹ ਭਾਵਨਾ ਆਇਦ ਕਰ ਲੈਣਗੇ ਕਿ "ਬੁਝੇ ਦੀਵਿਆਂ ਵਿਚੋਂ ਵੀ ਕਦੀ ਰੌਸ਼ਨੀ ਆ ਸਕਦੀ ਹੈ" ਤਾਂ ਉਹ "ਸਿੱਖੀ ਦਾ ਬੋਝ" ਕਿਵੇਂ ਚੁੱਕ ਸਕਦੇ ਹਨ? ਭਾਰਤੀ ਅਤੇ ਸਿੱਖ ਖਿਡਾਰੀ ਜੇਕਰ ਇਸੇ ਤਰ੍ਹਾਂ ਆਪਣੇ ਆਪ ਉਤੇ ਇਹ ਭਾਵਨਾ ਆਇਦ ਕਰ ਲੈਣਗੇ ਕਿ ਉਹ ਖੇਡਾਂ ਦੇ ਮਾਮਲੇ ਵਿਚ ਪੱਛੜੇ ਹੋਏ ਹਨ ਤੇ ਉਹ ਇਸੇ ਤਰ੍ਹਾਂ ਹੀ ਰਹਿਣਗੇ ਤਾਂ ਉਹ ਖੇਡਾਂ ਅਤੇ ਹੋਰ ਜੀਵਨ ਵਿਚ ਕਿਵੇਂ ਸਫਲ ਹੋ ਸਕਦੇ ਹਨ? ਇਸ ਮਾਨਸਿਕਤਾ ਵਿਚ ਨਾ ਤਾਂ ਵੱਖਰਾ ਸਿੱਖ ਖੇਡ ਸੱਭਿਆਚਾਰ ਸਿਰਜਿਆ ਜਾ ਸਕਦਾ ਹੈ ਅਤੇ ਨਾ ਹੀ ਸਿੱਖ ਵਿਸ਼ਵ ਦੀ ਸਫਲ ਅਤੇ ਵਿਕਸਿਤ ਕੌਮ ਦੇ ਰੂਪ ਵਿਚ ਸਥਾਪਿਤ ਹੋ ਸਕਦੇ ਹਨ। ਇਸ ਪ੍ਰਸੰਗ ਵਿਚ ਵਿਚਾਰੇ ਜਾ ਰਹੇ ਵਿਚਾਰ ਭਵਿੱਖ ਦੇ ਸਿੱਖ ਖਿਡਾਰੀਆਂ ਨੂੰ ਉਸ ਬ੍ਰਹਿਮੰਡ ਵਿਚ ਲਿਜਾਣ ਦਾ ਇਕ ਯਤਨ ਹੈ, ਜਿਥੇ ਉਹ ਸਪਲਤਾ ਦੀਆਂ ਟੀਸੀਆਂ ਨੂੰ ਛੂਹ ਕੇ ਮਨੁੱਖੀ ਸਭਿਅਤਾ ਨੂੰ ਹੋਰ ਅਮੀਰ ਬਣਾਉਣ ਵਿਚ ਆਪਣਾ ਨਿਸ਼ਚਿਤ ਯੋਗਦਾਨ ਆਸਾਨੀ ਨਾਲ ਪਾ ਸਕਣਗੇ।

ਇਸ ਪ੍ਰਸੰਗ ਨੂੰ ਹੀ ਅਸੀਂ ਜੇ ਮੁੱਖ ਰੂਪ ਵਿਚ ਵਿਚਾਰੀਏ ਤਾਂ ਇਸ ਖੇਤਰ ਵਿਚ ਨਵਾਂ ਇਨਕਲਾਬ ਅਤੇ ਤਬਦੀਲੀ ਲਿਆਉਣ ਲਈ ਸਿੱਖੀ ਨੂੰ ਸਮਰਪਿਤ ਪੁਰਾਣੇ ਖਿਡਾਰੀ, ਉਦਯੋਗਪਤੀ, ਕਾਰ ਸੇਵਾ ਵਾਲੇ ਬਾਬੇ, ਖੇਡ ਸੰਸਥਾ ਦੀਆਂ ਗਹਿਰਾਈਆਂ ਨੂੰ ਸਮਝਣ ਵਾਲੇ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਮਾਹਿਰ ਅਤੇ ਖੇਡ ਮਨੋਵਿਗਿਆਨਕ ਇਸ ਖੇਤਰ ਸੰਬੰਧੀ ਇਕ ਨਵੀਂ ਸ਼ੁਰੂਆਤ ਕਰ ਸਕਦੇ ਹਨ। ਪਿੰਡਾਂ ਤੋਂ ਵੱਡੇ ਸ਼ਹਿਰਾਂ ਤੱਕ ਵੱਖ-ਵੱਖ ਪੱਧਰਾਂ ਉਤੇ ਪੰਜਾਬ ਦੇ ਸਿਖਾਂਦਰੂ ਖਿਡਾਰੀਆਂ ਦੀ ਸਕੂਲਾਂ ਤੋਂ ਯੂਨੀਵਰਸਿਟੀਆਂ ਤੱਕ ਦੇ ਹੁਨਰ ਦੀ ਤਲਾਸ਼ ਕੀਤੀ ਜਾਵੇ। ਉਹਨਾਂ ਨੂੰ ਪ੍ਰੇਰਨਾ ਅਤੇ ਉਤਸ਼ਾਹ ਦੇ ਕੇ ਛੋਟੇ ਤੋਂ ਵੱਡੇ ਪੱਧਰ ਦੇ ਨਵੇਂ ਸਥਾਪਿਤ ਕੀਤੇ ਜਾਣ ਵਾਲੇ ਖੇਡ ਸਟੇਡੀਅਮਾਂ ਨੂੰ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਪੰਜਾਬ ਦੇ ਕੁਝ ਪਿੰਡਾਂ ਤੇ ਕਸਬਿਆਂ ਦੇ ਕਲੱਸਟਰ ਬਣਾ ਕੇ ਉਹਨਾਂ ਵਿਚੋਂ ਨੌਜਵਾਨਾਂ ਨੂੰ ਮਾਹਿਰ ਕੋਚਾਂ ਦੁਆਰਾ ਸਿਖਲਾਈ ਦਿੱਤੀ ਜਾਵੇ। ਵੱਖ-ਵੱਖ ਕਲੱਸਟਰਾਂ ਦੇ ਆਪਸ ਵਿਚ ਮੁਕਾਬਲੇ ਕਰਵਾ ਕੇ ਨਵੇਂ ਖਿਡਾਰੀਆਂ ਨੂੰ ਪ੍ਰਾਪਤੀਆਂ ਦੇ ਰਾਹੇ ਪਾਇਆ ਜਾਵੇ। ਲੜਕੀਆਂ ਅਤੇ ਲੜਕਿਆਂ ਨੂੰ ਇਕੋ ਸਮੇਂ ਮੁਕਾਬਲਿਆਂ ਦੀ ਪ੍ਰਕਿਰਿਆ ਰਾਹੀਂ ਪੰਜਾਬ ਦੇ ਜ਼ਿਲ੍ਹਾ ਪੱਧਰ ਉਤੇ ਸਥਾਪਿਤ ਕੀਤੇ ਜਾਣ ਵਾਲੇ ਹੋਰ ਨਵੇਂ ਸਟੇਡੀਅਮਾਂ ਵਿਚ ਪੰਜਾਬ ਪੱਧਰ ਦੇ ਖਿਡਾਰੀਆਂ ਦੀ ਚੋਣ ਕਰਕੇ ਉਹਨਾਂ ਨੂੰ ਸਖ਼ਤ ਮਿਹਨਤ ਅਤੇ ਸਿਖਲਾਈ ਦਿੱਤੀ ਜਾਵੇ। ਪੰਜਾਬ ਅਤੇ ਭਾਰਤ ਪੱਧਰ 'ਤੇ ਉਹਨਾਂ ਖਿਡਾਰੀਆਂ ਨੂੰ ਲੋੜੀਂਦੀਆਂ ਭਾਵਨਾਵਾਂ ਦੇ ਰੰਗ ਵਿਚ ਰੰਗਿਆ ਜਾਵੇ ਤਾਂ ਨਿਸ਼ਚੇ ਹੀ ਉਹ ਸਿੱਖ ਖਿਡਾਰੀ ਤੇ ਖਿਡਾਰਨਾਂ ਵਰਤਮਾਨ ਤੋਂ ਹਟ ਕੇ ਨਿਵੇਕਲੀ ਕਿਸਮ ਦੇ ਖਿਡਾਰੀਆਂ ਦੇ ਰੂਪ ਵਿਚ ਤਿਆਰ ਹੋ ਜਾਣਗੇ। ਜਿਉਂ-ਜਿਉਂ ਖਿਡਾਰੀ ਪਿੰਡ ਪੱਧਰ ਤੋਂ ਜ਼ਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੋਂ ਅੱਗੇ ਵਧਣਗੇ, ਤਿਉਂ-ਤਿਉਂ ਉਹਨਾਂ ਨੂੰ ਸਿਖਲਾਈ ਦੇਣ ਵਾਲੀ ਨੀਤੀ ਦਾ ਪੱਧਰ ਵੀ ਵਧਦਾ ਜਾਵੇਗਾ। ਅਜਿਹੇ ਪਿੜ ਵਿਚੋਂ ਸਿੱਖ ਖਿਡਾਰੀ ਪੰਜਾਬ ਪੱਧਰ ਦੇ ਮੁਕਾਬਲਿਆਂ ਵਿਚ ਹੈਰਾਨਕੁੰਨ ਨਤੀਜੇ ਦੇਣਗੇ। ਪੰਜਾਬ ਦੀਆਂ ਰਵਾਇਤੀ ਖੇਡਾਂ ਸਿੱਖ ਅਤੇ ਪੰਜਾਬੀ ਖਿਡਾਰੀਆਂ ਨੂੰ ਤਰਾਸ਼ਣ ਦੀ ਇਕ ਵੱਡੀ ਪ੍ਰਯੋਗਸ਼ਾਲਾ ਸਾਬਤ ਹੋ ਸਕਦੀਆਂ ਹਨ।

ਸਪੱਸ਼ਟ ਹੈ ਕਿ ਜੇਕਰ ਅਸੀਂ ਸਿੱਖ ਖਿਡਾਰੀਆਂ ਦੇ ਅੰਤਰ-ਰਾਸ਼ਟਰੀ ਪੱਧਰ ਦਾ ਇਕ ਨਵਾਂ ਖੇਡ ਸਭਿਆਚਾਰ ਸਿਰਜਣ ਦੀ ਬਾਤ ਪਾ ਰਹੇ ਹਾਂ ਤਾਂ ਉਹਨਾਂ ਦੀ ਮਾਪਦੰਡਾਂ ਅਨੁਸਾਰ ਇਸ ਸੰਬੰਧੀ ਤਿਆਰ ਕੀਤੇ ਜਾਣ ਵਾਲੇ ਸਿੱਖ ਖਿਡਾਰੀਆਂ ਨੂੰ ਥੱਲੇ ਤੋਂ ਸਿਖਰਲੀ ਪੱਧਰ ਤੱਕ ਦੀਆਂ ਸਹੂਲਤਾਂ, ਵਾਤਾਵਰਣ, ਆਰਥਿਕ ਲਾਭ ਪੈਕੇਜ ਕੈਰੀਅਰ ਦੀ ਸੁਰੱਖਿਆ, ਸਟੇਡੀਅਮ, ਸਾਜ਼ੋਸਾਮਾਨ, ਪ੍ਰਬੰਧ, ਸਿਖਲਾਈ ਦੇਣ ਵਾਲੇ ਕੋਚ, ਮਾਣ ਸਤਿਕਾਰ, ਨਾਇਕਵਾਦ, ਦਰਸ਼ਕ, ਸਰਪ੍ਰਸਤ, ਖੇਡਾਂ ਦੇ ਮਿਆਰੀ ਸਮਾਨ ਲਈ ਉਦਯੋਗਿਕ ਪੈਦਾਵਾਰ, ਕੌਮੀ ਰੰਗ ਵਿਚ ਰੰਗੀ ਮਾਣ ਮੱਤੀ ਸਖ਼ਸ਼ੀਅਤ, ਆਤਮ ਵਿਸ਼ਵਾਸ, ਮੀਡੀਆ ਦਾ ਸਾਹਮਣਾ ਕਰਨ ਦਾ ਚੱਜ ਆਚਾਰ, ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀਆਂ, ਮਾਹਿਰਾਂ ਤੇ ਸੰਸਥਾਵਾਂ ਨਾਲ ਤਾਲਮੇਲ ਵਰਗਾ ਵਾਤਾਵਰਣ ਸਿਰਜਣਾ ਪਵੇਗਾ। ਸਾਨੂੰ ਪੂਰਨ ਆਸ ਹੈ ਕਿ ਇਹਨਾਂ ਕੁਝ ਕੁ ਵਿਧੀਆਂ ਅਨੁਸਾਰ ਤਿਆਰ ਹੋਏ ਇਹ ਖਿਡਾਰੀ ਭਾਰਤ ਅਤੇ ਵਿਸ਼ਵ ਵਿਚ ਖੇਡਾਂ ਦੇ ਮਾਧਿਅਮ ਰਾਹੀਂ ਸਿੱਖੀ, ਸਿੱਖ ਪੰਥ ਅਤੇ ਸਿੱਖ ਕੌਮ ਦੇ ਨਵੇਂ ਸੰਦੇਸ਼ਵਾਹਕ ਬਣ ਸਕਦੇ ਹਨ। ਇਕ ਵਾਰ ਦੀਆਂ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਦ੍ਰਿੜ੍ਹੀਕਣ (Consolidation) ਕਰਕੇ ਉਸ ਵਿਚ ਨਿਰੰਤਰਤਾ ਲਿਆਈ ਰੱਖਣਾ ਅਤੇ ਖੇਡ ਦੇ ਹਰ ਪ੍ਰਕਾਰ ਦੇ ਅਨੁਸ਼ਾਸਨ ਵਿਚ ਪੁਰਾਣੇ ਖਿਡਾਰੀਆਂ ਤੋਂ ਨਵੇਂ ਖਿਡਾਰੀਆਂ ਤੱਕ ਸਹਿਜ-ਪਰਿਵਰਤਨ (Transition) ਵਿਚ ਕਿਸੇ ਤਰ੍ਹਾਂ ਦੇ ਗੈਪ ਵੀ ਨਹੀਂ ਪੈਣਾ ਚਾਹੀਦਾ।

ਖੇਡ ਵਿਗਿਆਨੀ ਸਿਆਣਿਆਂ ਦਾ ਮੱਤ ਹੈ ਕਿ ਇਸ ਤਰ੍ਹਾਂ ਇਕ ਨਵਾਂ ਖੇਡ ਸਭਿਆਚਾਰ ਸਿੱਖ ਪੰਥ ਦੀ ਸਮੁੱਚੀ ਸ਼ਕਤੀ ਵਧਾਉਣ ਵਿਚ ਸਹਾਈ ਹੋਵੇਗਾ।



# ਕਾਵਿ-ਕਿਆਰੀ

## ਬਾਬਾ ਨਾਨਕ ਬਨਾਮ ਸੱਦ-ਭਾਵਨਾ



ਕਸ਼ਮੀਰ ਤੋਂ ਕੰਨਿਆਂ ਕੁਮਾਰੀ, ਬਹੁ-ਪਾਸਾਰੀ
ਪੂਜਨੀਕ ਮਾਂ-ਸਮਾਨ, ਸਿਰਜਨ ਹਾਰੀ ਬਹੁਤ ਪਿਆਰੀ
ਇਸ ਧਰਤੀ ਦੇ, ਕਈ ਹਿੱਸਿਆਂ ਖਿੱਤਿਆਂ ਵਿਚ
ਰੋਟੀ-ਰੋਜ਼ੀ ਕਮਾਉਣ ਲਈ, ਕਈ ਕਿੱਤਿਆਂ ਵਿਚ
ਖ਼ੂਨ-ਪਸੀਨਾ ਇਕ ਕਰਕੇ, ਕਾਰੋਬਾਰ ਚਲਾਉਂਦੇ
ਵਰ੍ਹਿਆਂ-ਬੱਧੀ ਵੱਸ-ਰੱਸ ਕੇ ਵੀ, ਪ੍ਰਵਾਸੀ ਅਖਵਾਉਂਦੇ।

ਪੁੱਛ-ਦੱਸ ਕਰਨ ਤੇ, ਸਵੈ ਨੂੰ ਸੰਬੋਧਨ ਹੋ ਕੇ,
ਹਿੰਦੂ ਮੁਸਲਿਮ ਸਿੱਖ ਈਸਾਈ, ਭਾਰਤੀ ਕਹਾਉਂਦੇ।
ਜ਼ਰਾਅ ਜ਼ਰਾਅ ਵਿਚ ਵੱਸਦੇ, 'ਉਸ' ਇਕੋ ਦੇ ਨਾਂ ਤੇ
ਜਦੋਂ ਕਦੇ, ਕਿਸੇ ਮੁਤਬੱਰਕ ਥਾਂ ਤੇ
ਕਿਸੇ ਵੀ ਅਕਲੀਅਤ ਨੂੰ, ਮਾੜੀ-ਮੋਟੀ ਗੱਲੋਂ
ਅਕਸਰ ਹੀ ਖਾਹ-ਮਖਾਹ ਅਕਸਰੀਅਲ ਵੱਲੋਂ
ਸਾਂਝੀਵਾਲਤਾ ਸਹਿਨਸ਼ੀਲਤਾ ਸੁਸ਼ੀਲਤਾ ਵਰਗੇ;
ਨਾਜ਼ੁਕ ਵਾਦ-ਵਿਵਾਦ ਜਿਹੇ ਸੰਵਾਦ ਨੂੰ
ਸਤੱਰਕ ਤਰਕ-ਵਿਤਰਕ ਨੂੰ ਲੀਹੋਂ ਲਾਹ ਕੇ
ਬੇਮੁਹਾਰ-ਭੀੜ ਨੂੰ, ਹੋਰ ਸਿਖਾ-ਪੜ੍ਹਾ ਕੇ।
ਸੱਭ-ਸਥਾਨਕ ਜ਼ਿੰਦਾ-ਬਾਦ, ਹਿਜ਼ਰਤਕਾਰੀ ਮੁਰਦਾਬਾਦ
ਅਣ-ਸੁਖਾਵੇਂ ਤੇ ਬੇਅਦਬੀ ਨਾਰ੍ਹੇ ਲਾ ਕੇ
ਹੱਲਾ-ਗੁੱਲਾ ਦਬਕਾ-ਦਾਬਾ, ਕਤਲੋ-ਗ਼ਰਤ ਖ਼ੂਨ-ਖਰਾਬਾ
ਸਿਰਫਿਰਿਆ ਕੋਈ, ਹਾਕਮ ਜਾਂ ਮਹਿਕੂਮ ਕਰੇ।
ਕੌਣ ਕਿਸ ਦੇ ਸਿਰ ਇਲਜ਼ਾਮ ਧਰੇ, ਬਦਨਾਮ ਕਰੇ।

ਸਾਸ਼ਨ-ਪ੍ਰਸ਼ਾਸ਼ਨ ਦੀ ਮਿਲੀ-ਭੁਗਤ ਕਰਕੇ
ਢਿੱਲੀ-ਕਾਰਗੁਜ਼ਾਰੀ ਦੀ, ਜੁਗਤ ਕਰਕੇ
ਕੋਈ ਕਿਸ ਨਿਆਇ-ਪਾਲਿਕਾ ਤੇ, ਧਰਵਾਸ ਧਰੇ
ਕਿਸ ਕਾਰਜ-ਪਾਲਿਕਾ ਤੇ ਵਿਸ਼ਵਾਸ ਕਰੇ।

ਦੇਸ਼-ਵਿਆਪੀ ਏਕਤਾ ਵਿਚ, ਅਨੇਕਤਾ ਦੇ
ਵੇਸ਼-ਭੂਸ਼ਾ ਦੀ ਅਨੇਕਤਾ ਵਿਚ ਏਕਤਾ ਦੇ
ਰਮਜ਼-ਰਹੱਸ, ਦੂਰ-ਰੱਸ ਪ੍ਰਭਾਵਾਂ ਨੂੰ
ਉਜਵਲ-ਭਵਿੱਖ ਦਿਸ਼ਾਵਾਂ, ਆਸ਼ਾਵਾਂ ਨੂੰ
ਦੂਰਦਰਸ਼ੀ ਸਮਦਰਸ਼ੀ ਸੋਚ-ਵਿਹੂਣਿਆਂ ਨੂੰ
ਅੰਨ੍ਹਿਆਂ ਵਿਚ, ਰਾਜੇ ਬਣੇ ਬੈਠੇ ਕਾਣਿਆਂ ਨੂੰ
ਪ੍ਰਾਂਤ ਖੇਤ੍ਰਵਾਦ ਜਮਾਤ, ਜਾਤਵਾਦ ਦਾ
ਜਿਹਨ ਤੇ ਛਾਇਆ ਸਾਇਆ, ਦੂਈ ਦਵੈਤ ਦਾ
ਦੂਰ ਕਰਨ ਲਈ, ਦੁਬਿਧਾ ਹਰਨ ਲਈ
ਕਿਸੇ ਨਾਨਕ ਸ਼ਾਹ ਫ਼ਕੀਰ ਵਾਂਗੂੰ
ਕਦੇ ਗੁਰੂ ਬਣੇ, ਕਦੇ ਪੀਰ ਵਾਂਗੂੰ
ਅੱਜ ਫਿਰ, ਕੋਈ ਮਸੀਹਾ ਆਵੇ
ਜੋ ਇਨ੍ਹਾਂ ਸੱਭ ਭਿੰਨਤਾਵਾਂ ਦਾ ਭਿੰਨ-ਭੇਦ ਮਿਟਾਵੇ।

ਕਾਸ਼ੀ ਕਾਅਬਾ ਜਿੱਥੇ ਵੀ ਸੰਵਾਦ ਰਚਾਵੇ।
ਬਾਦਲੀਲ ਅਪੀਲ ਨਾਲ ਖਲੀਲ ਕਹਾਵੇ।
ਪੂਰਬ ਪੱਛਮ ਉੱਤਰ ਦੱਖਣ, ਜੱਲ ਥੱਲ ਮਈਅਲ
ਹਰ ਦਿਸ਼ਾ ਰੱਬ ਦਾ ਘਰ ਦੱਸੇ
ਦਿਸ਼ਾ-ਵਿਸ਼ੇਸ਼ ਦੀ ਗੱਲ ਸੁਣ ਕੇ ਬਾਬਾ ਹੱਸੇ।
ਖਸਖ ਕੀ ਬਾਣੀ ਰਚਾ ਕੇ, ਹਰਿ ਜਸ ਗਾ ਕੇ
ਹਉ-ਢਾਡੀ ਵੇਕਾਰ ਕਹਾਵੇ।
ਸ਼ੈਤਾਨਾਂ ਨੂੰ ਇਨਸਾਨ ਬਣਾ, ਗਲ ਨਾਲ ਲਾਵੇ
ਮਰਦਿ-ਕਾਮਿਲ, ਸ਼ੁੱਭਕਾਮਨਾ, ਸੱਦ-ਭਾਵਨਾ ਦਾ
ਤੌਹੀਦ-ਪ੍ਰਸਤੀ ਨਿਮਰ-ਭਾਵੀ, ਜਾਪ-ਅਲਾਪ ਕਰਾਵੇ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ ਪੀ.ਈ.ਐੱਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**, 98153-03206

*****

## ਭਗਤ ਸਿੰਘ

ਤੇਰੇ ਇਨਕਲਾਬ ਨੇ ਆਵਾਜ਼ ਚੁੱਕ ਲਈ
ਪਰ ਬਦਲੇ 'ਚ ਤੇਰੀ ਜਾਨ ਮੰਗ ਲਈ।
ਜਾਨ ਵੀ ਵਾਰ ਦਿੱਤੀ ਹਾਸੇ ਨਾਲ ਸੂਰਮਿਆਂ।
ਫਾਂਸੀ ਦਿੱਤੀ ਰਾਜਗੁਰੂ, ਸੁਖਦੇਵ ਸੂਰਮਿਆਂ,
ਆਜ਼ਾਦੀ ਦੀ ਮਸ਼ਾਲ ਹੱਦਾਂ ਪਾਰ ਕਰ ਗਈ।
ਪਰ ਅੱਜ ਤੂੰ ਤੇ ਤੇਰਾ ਇਨਕਲਾਬ ਯਾਦ ਕਿਸੇ ਨੂੰ ਨਹੀਂ,
ਤੂੰ ਦੇਸ਼ ਆਪਣੇ ਨੂੰ ਰੌਸ਼ਨੀ ਆਜ਼ਾਦੀ ਦੀ ਦੇ ਚੱਲਿਆ।
ਪਰ ਅੱਜ ਤੇਰੇ ਦੇਸ਼ ਦੇ ਲੋਕਾਂ ਵਿਚ ਪਿਆਰ ਬਾਕੀ ਨਹੀਂ
ਤੇਰਾ ਵਹਿਮ ਸੀ ਭਗਤ ਸਿੰਘਾਂ,
ਕਿ ਤੇਰੇ ਲੋਕ ਨਹੀਂ ਬਦਲਨਗੇ,
ਪਰ ਲੋਕਾਂ ਨੇ ਗੁਨਾਹਾਂ ਦੀ ਹੱਦ ਪਾਰ ਕਰ 'ਤੀ।

*****

### ਗੀਤ/ਬਲਵਿੰਦਰ 'ਬਾਲਮ' ਗੁਰਦਾਸਪੁਰ

## ਪਿਆਰੀ ਮਾਂ ਬੋਲੀ

ਧੁਰ ਦਰਗਾਹੋਂ ਆਈ ਪਿਆਰੀ ਮਾਂ ਬੋਲੀ।

ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਮੱਥੇ ਤਿਲਕ ਲਗਾ ਵਿਦਵਾਨਾਂ ਨੇ।
ਬਾਈਬਲ, ਰਾਮਾਇਣ, ਗ੍ਰੰਥ, ਪੁਰਾਣਾਂ ਨੇ।
ਯੁੱਗੋ ਯੁੱਗ ਵਡਿਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਬੱਚੇ ਦੇ ਬੋਲਾਂ ਤੋਂ ਲੈ ਕੇ ਅਰਥੀ ਤੱਕ।
ਸਤਿਅਮ, ਸੁੰਦਰ, ਵਿਦਿਆ, ਭਗਤੀ, ਸ਼ਕਤੀ ਤੱਕ।
ਜੀਵਨ ਦੀ ਸ਼ਹਿਨਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਸੂਰਜ ਵਾਂਗੂ ਨੇਰ੍ਹੇ ਵਿਚ ਪ੍ਰਕਾਸ਼ ਕਰੇ।
ਜੰਮਦੇ ਬੱਚੇ ਦੇ ਬੋਲਾਂ ਵਿਚ ਆਸ ਧਰੇ।
ਕਰਦੀ ਪਰਉਪਕਾਰ ਵਿਚਾਰੀ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਚੌਰਾਸੀ ਲੱਖ ਜੂਨ 'ਚ ਇਸ ਦਾ ਵਾਸਾ ਹੈ।
ਬੱਚੇ ਦੀ ਕਿਲਕਾਰੀ ਵਰਗਾ ਹਾਸਾ ਹੈ।
ਰੱਬ ਨੇ ਖ਼ੂਬ ਬਣਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਨਾਲ ਹੀ ਬੰਦੇ ਦੀ ਪਹਿਚਾਣ ਬਣੇ।
ਮਾਨ ਬਣੇ ਤੇ ਆਣ ਬਣੇ ਤੇ ਸ਼ਾਨ ਬਣੇ।
ਜਿਸ ਨੇ ਵੀ ਹੈ ਪਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਦੁੱਧ ਵਿਚ ਨੂਰ ਅਲੌਕਿਕ ਸ਼ਕਤੀ ਹੈ।
ਬੰਦੇ ਦੀ ਬੱਸ ਇਸੇ ਕਰਕੇ ਹਸਤੀ ਹੈ।
ਵਰ੍ਹਦੀ ਬੱਦਲੀ ਛਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਲੱਖਾਂ ਰਿਸ਼ਤੇ ਇਕ ਹੀ ਖ਼ੂਨ ਰਵੇ।
ਯੁੱਗ-ਯੁੱਗ ਜੀਵੇ ਸ਼ਾਲਾ ਜੱਗ ਤੇ ਖ਼ੂਬ ਪਲੇ।
ਮਾਮੀ, ਚਾਚੀ, ਤਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
'ਬਾਲਮ' ਇਸ ਦੀ ਪੂਜਾ ਜਿਸ ਨੇ ਕੀਤੀ ਹੈ।
ਸੁੱਖਾਂ ਦੇ ਵਿਚ ਉਸ ਦੀ ਜ਼ਿੰਦਗੀ ਬੀਤੀ ਹੈ।
ਬਰਕਤ, ਮਿਹਰ ਲਿਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।

* * * * *

## ਮੇਰੇ ਅੰਦਰ ਰੁੱਤ ਮੌਲੇ

ਇਕ ਰੁੱਤ ਮੇਰੇ ਅੰਦਰ ਮੌਲੇ
ਇਕ ਰੁੱਤ ਬਾਹਰ ਹੈ ਕਰਤਾਰੀ,
ਕਰਤਾਰੀ ਰੁੱਤ ਦਾ ਕੀ ਹੈ ਕਹਿਣਾ
ਉਸ ਤੋਂ ਹਾਂ ਬਲਿਹਾਰੀ।
ਜੋ ਬ੍ਰਹਿਮੰਡੇ ਸੋਈ ਪਿੰਡੇ,
ਬਾਣੀ ਹੈ ਸਚਿਆਰੀ।
ਅੰਦਰ ਦੀ ਰੁੱਤ ਕਾਇਆ ਵਾਲੀ,
ਅਤਿ ਸੂਖ਼ਮ ਅਲੋਕਾਰੀ,
ਜੋ ਅਦ੍ਰਿਸ਼ਟ, ਅਛੂਹ, ਅਗੰਮੀ
ਉਸ ਰੁੱਤ ਦੀ ਰੂਹ ਨਿਆਰੀ।
ਅੰਦਰਲੇ ਸੰਸਾਰ ਦੀ ਖ਼ਾਮੋਸ਼ੀ
ਅੰਦਰਲੇ ਸੰਸਾਰ ਦੀ ਤ੍ਰਿਸ਼ਨਾ
ਅੰਦਰਲੇ ਸੰਸਾਰ ਦੀ ਲੀਲ੍ਹਾ
ਅਗਮ-ਅਗੋਚਰ
ਸ਼ਕਲ ਰਹਿਤ ਆਕਾਰੀ।
ਖਿਨ-ਖਿਨ, ਛਿਨ-ਛਿਨ ਰੂਪ ਵਟਾਏ
ਖੰਡ-ਬ੍ਰਹਿਮੰਡ ਦੇ ਦਰਸ਼ਨ ਪਾਏ
ਪਲਕ-ਝਲਕ 'ਚ ਹੰਝ ਕੇਰੇ, ਹੱਸੇ
ਹੰਝੂ ਡਿੱਗਣ ਦੀ ਕਿਰਿਆ ਵਰਗੀ
ਵੇਦਨ ਤੇ ਸੰਵੇਦਨ ਸਹਿੰਦੀ
ਅਦਭੁੱਤ ਅਤੇ ਪਿਆਰੀ।
ਅੰਦਰਲੀ ਰੁੱਤ ਜੇ ਖਿੜ ਜਾਵੇ
ਸਗਲ ਧਰਤ ਫਿਰ ਲੱਗੇ ਦੁਲਾਰੀ
ਨੂਰ ਝਰੇ ਤੇ ਖਿੰਡਣ ਸੁਗੰਧੀਆਂ।
ਬਾਹਰ ਦੇ ਫੁੱਲਾਂ ਦੀ ਤਾਂ
ਰੰਗਤ ਚਿਰ ਵਿਛੁੰਨੀ
ਤੇ ਮਹਿਕਾਂ ਦੀ ਉਮਰਾਂ ਅਸਥਿਰ
ਪਰ ਨੂਰੀ-ਰੁੱਤ ਤਾਂ
ਉਮਰ ਰਹਿਤ ਹੋ ਜਾਏ।
ਅੰਦਰ ਦੀ ਰੁੱਤ ਦਾ ਕੱਲਣ ਓਡਿਆ
ਮੈਲਾ ਕਦੇ ਨਾ ਹੋਏ,
ਅੰਦਰ ਦੀ ਰੁੱਤ ਦਾ ਸੁਹਜ-ਸਲੀਕਾ
ਰੰਗ ਮੁਕਤ ਹੋ ਜਾਏ।
ਅੰਦਰਲੇ ਖੇੜੇ ਦੀ ਰੁੱਤ ਦੀ
ਕਿੰਜ ਕੋਈ ਮੂਰਤ ਵਾਹੇ
ਕਿਹੜਾ ਕੈਨਵਸ ਤੇ ਕਿਹੜੇ ਰੰਗ
ਕਿੱਥੋਂ ਵਿਹਾਜਣ ਜਾਏ।
ਅੰਦਰਲੀ ਰੁੱਤ ਦੀ ਤ੍ਰੇਹ ਦੀ ਹੋੜਾ
ਭਵ-ਸਾਗਰ ਤਰ ਜਾਏ
ਅੰਦਰਲੀ ਰੁੱਤ ਦੀ ਭੋਖਾ-ਜੋਖਾ
ਸ਼ੈਅ ਪਦਾਰਥਾਂ ਦੇ ਭੋਗਣ ਤੋਂ
ਕੋਹਾਂ ਦੂਰ ਹੋ ਜਾਏ।
ਇਹ ਰੁੱਤ ਕਰਮਾਂ ਸੰਦੜੀ
ਮੇਰੇ ਅੰਦਰ ਮੌਲੇ
ਜਨਮ ਸਫ਼ਲਾ ਹੋ ਜਾਏ।

**ਮਨਮੋਹਨ ਸਿੰਘ ਦਾਊਂ**

* * * * *

ਸਿਹਤ ਸੰਭਾਲ

# ਬੁਢਾਪੇ ਵਿਚ ਵੀ ਰਹੋ ਚੁਸਤ-ਦਰੁਸਤ

**ਸੁਨੀਤਾ ਗਾਬਾ**

ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਵੱਧ ਤੋਂ ਵੱਧ ਪੈਦਲ ਚੱਲੋ ਅਤੇ ਕਸਰਤ ਦੇ ਨਿਯਮਾਂ ਨੂੰ ਆਪਣੀ ਰੋਜ਼ਮਰਾ ਵਿਚ ਸ਼ਾਮਿਲ ਕਰੋ। ਜਵਾਨੀ ਵਿਚ ਲਿਫਟ ਦੀ ਬਜਾਏ ਪੌੜੀਆਂ 'ਤੇ ਚੜ੍ਹੋ-ਉਤਰੋ, ਬੱਚਿਆਂ ਨਾਲ ਖੇਡੋ। ਤੈਰਾਕੀ ਜਾਂ ਬੈਡਮਿੰਟਨ ਆਦਿ ਦੇ ਸ਼ੌਕ ਨੂੰ ਅੱਗੇ ਵਧਾਓ।

ਵਧਦੀ ਉਮਰ ਦੇ ਨਾਲ ਹਰ ਕੋਈ ਤੰਦਰੁਸਤ ਰਹਿਣਾ ਚਾਹੁੰਦਾ ਹੈ ਪਰ ਤੰਦਰੁਸਤ ਰਹਿਣ ਲਈ ਯਤਨ ਸਾਨੂੰ ਪਹਿਲਾਂ ਤੋਂ ਹੀ ਕਰਨਾ ਹੁੰਦਾ ਹੈ। ਉਸ ਵੇਲੇ ਅਸੀਂ ਸੋਚਦੇ ਹਾਂ ਕਿ ਅਸੀਂ ਜਵਾਨ ਹਾਂ, ਹੁਣੇ ਹੀ ਆਪਣੇ-ਆਪ 'ਤੇ ਕੰਟਰੋਲ ਕਿਉਂ ਰੱਖੀਏ? ਇਹ ਉਮਰ ਤਾਂ ਖਾਣ-ਪੀਣ ਦੀ ਹੈ, ਇਸ ਲਈ ਬੁਢਾਪੇ ਵਿਚ ਦੇਖਿਆ ਜਾਵੇਗਾ। ਪਰ ਜਦੋਂ ਬੁਢਾਪਾ ਆਉਂਦਾ ਹੈ ਤਾਂ ਉਸ ਵੇਲੇ ਨਾ ਸੋਚਣ ਦਾ ਸਮਾਂ ਹੁੰਦਾ ਹੈ ਅਤੇ ਨਾ ਹੀ ਯਤਨ ਕਰਨ ਦਾ। ਇਸ ਲਈ ਬੁਢਾਪਾ ਸਰੀਰ 'ਤੇ ਪੂਰੀ ਤਰ੍ਹਾਂ ਛਾਅ ਹੀ ਜਾਂਦਾ ਹੈ।

ਜੇਕਰ ਅਸੀਂ ਜਵਾਨੀ ਵਿਚ ਹੀ ਸੁਚੇਤ ਰਹਾਂਗੇ ਤਾਂ ਅੱਗੇ ਵੀ ਉਸ ਆਦਤ ਨੂੰ ਬਰਕਰਾਰ ਰੱਖਣਾ ਸਾਡੇ ਲਈ ਆਸਾਨ ਹੋਵੇਗਾ। ਸਮਾਂ ਰਹਿੰਦੇ ਕੁਝ ਨਿਯਮਾਂ ਨੂੰ ਅਪਨਾਉਣਾ ਚਾਹੀਦਾ ਹੈ ਤਾਂ ਕਿ ਵਧਦੀ ਉਮਰ 'ਤੇ ਕਾਬੂ ਪਾਇਆ ਜਾ ਸਕੇ।



**ਜ਼ਿਆਦਾ ਤੋਂ ਜ਼ਿਆਦਾ ਪੈਦਲ ਤੁਰੋ** : ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਵੱਧ ਤੋਂ ਵੱਧ ਪੈਦਲ ਚੱਲੋ ਅਤੇ ਕਸਰਤ ਦੇ ਨਿਯਮਾਂ ਨੂੰ ਆਪਣੀ ਰੋਜ਼ਮਰਾ ਵਿਚ ਸ਼ਾਮਿਲ ਕਰੋ। ਜਵਾਨੀ ਵਿਚ ਲਿਫਟ ਦੀ ਬਜਾਏ ਪੌੜੀਆਂ 'ਤੇ ਚੜ੍ਹੋ-ਉਤਰੋ, ਬੱਚਿਆਂ ਨਾਲ ਖੇਡੋ। ਤੈਰਾਕੀ ਜਾਂ ਬੈਡਮਿੰਟਨ ਆਦਿ ਦੇ ਸ਼ੌਕ ਨੂੰ ਅੱਗੇ ਵਧਾਓ। ਤੇਜ਼ ਤੁਰਨ ਦੀ ਆਦਤ ਪਾਓ। ਇਨ੍ਹਾਂ ਸਾਰੀਆਂ ਕਸਰਤਾਂ ਨਾਲ ਸਾਰਾ ਸਰੀਰ ਤੰਦਰੁਸਤ ਬਣਿਆ ਰਹੇਗਾ।

**ਮੋਟਾਪੇ ਤੋਂ ਦੂਰੀ ਬਣਾ ਕੇ ਰੱਖੋ** : ਜਵਾਨੀ ਵਿਚ ਤਲੇ ਹੋਏ ਖਾਧ ਪਦਾਰਥ, ਬਰਗਰ, ਪੀਜਾ, ਨੂਡਲਜ ਆਦਿ ਦਾ ਸੇਵਨ ਘੱਟ ਤੋਂ ਘੱਟ ਕਰੋ। ਵਧੇਰੇ ਫੈਟ ਵਾਲੇ ਖਾਧ ਪਦਾਰਥਾਂ ਤੋਂ ਪ੍ਰਹੇਜ਼ ਕਰੋ।

**ਸਿਗਰਟਨੋਸ਼ੀ ਤੋਂ ਬਚੋ** : ਨਾ ਤਾਂ ਤੁਸੀਂ ਆਪ ਸਿਗਰਟਨੋਸ਼ੀ ਕਰੋ ਅਤੇ ਨਾ ਹੀ ਅਜਿਹੇ ਲੋਕਾਂ ਨਾਲ ਦੋਸਤੀ ਰੱਖੋ ਜੋ ਸਿਗਰਟਨੋਸ਼ੀ ਕਰਦੇ ਹਨ, ਕਿਉਂਕਿ ਆਪ ਸਿਗਰਟਨੋਸ਼ੀ ਕਰਨ ਨਾਲ ਤਾਂ ਨੁਕਸਾਨ ਪਹੁੰਚਦਾ ਹੀ ਹੈ, ਦੂਜਿਆਂ ਦੇ ਸਿਗਰਟ-ਬੀੜੀ ਦੇ ਧੂੰਏਂ ਵੀ ਨੁਕਸਾਨ ਪਹੁੰਚਾਉਂਦੇ ਹਨ। ਸਿਗਰਟਨੋਸ਼ੀ ਕਰਨ ਵਾਲੇ ਲੋਕਾਂ ਦੇ ਚਿਹਰੇ 'ਤੇ ਝੁਰੜੀਆਂ ਜਲਦੀ ਪੈਂਦੀਆਂ ਹਨ।

**ਤਣਾਅ ਤੋਂ ਬਚੋ** : ਸਭ ਜਾਣਦੇ ਹਨ ਕਿ ਤਣਾਅ ਸਾਡੀ ਸਿਹਤ ਦਾ ਦੁਸ਼ਮਣ ਹੈ। ਫਿਰ ਵੀ ਸਾਡੇ ਵਿਚੋਂ ਬਹੁਤੇ ਲੋਕ ਤਣਾਅਗ੍ਰਸਤ ਰਹਿੰਦੇ ਹਨ। ਯਤਨ ਕਰੋ ਕਿ ਤਣਾਅ ਘੱਟ ਤੋਂ ਘੱਟ ਹੋਵੇ, ਇਸ ਲਈ ਆਪਣੀ ਸੋਚ ਨੂੰ ਸਾਕਾਰਾਤਮਿਕ ਰੱਖੋ, ਕਸਰਤ ਕਰੋ, ਮੈਡੀਟੇਸ਼ਨ ਕਰੋ, ਚਿਹਰੇ ਅਤੇ ਸਰੀਰ ਦੀ ਮਾਲਿਸ਼ ਕਰਦੇ ਰਹੋ ਅਤੇ ਆਪਣੇ ਸਰੀਰ ਦੀ ਪੂਰੀ ਸਫਾਈ ਦਾ ਖਿਆਲ ਰੱਖੋ, ਜਿਸ ਨਾਲ ਤਣਾਅ ਘੱਟ ਕਰਨ ਵਿਚ ਮਦਦ ਮਿਲੇਗੀ।

**ਪ੍ਰਦੂਸ਼ਣ ਤੋਂ ਬਚੋ** : ਵੱਡੇ ਸ਼ਹਿਰਾਂ ਵਿਚ ਵਧੇਰੇ ਮੋਟਰਾਂ, ਗੱਡੀਆਂ, ਬੱਸਾਂ, ਕਾਰਾਂ ਕਾਰਨ ਸ਼ਹਿਰ ਦਾ ਵਾਤਾਵਰਨ ਪ੍ਰਦੂਸ਼ਤ ਰਹਿੰਦਾ ਹੈ, ਫਿਰ ਵੀ ਪ੍ਰਦੂਸ਼ਣ ਤੋਂ ਦੂਰੀ ਬਣਾਈ ਜਾ ਸਕਦੀ ਹੈ। ਹਰ ਰੋਜ਼ ਸਵੇਰੇ ਉਠ ਕੇ ਸੈਰ ਨੂੰ ਜਾਓ, ਖੁੱਲ੍ਹੀ ਹਵਾ ਵਿਚ ਪ੍ਰਾਣਾਯਾਮ ਅਤੇ ਆਸਣ ਕਰੋ, ਤਾਂ ਕਿ ਫੇਫੜੇ ਸ਼ੁੱਧ ਹਵਾ ਗ੍ਰਹਿਣ ਕਰ ਸਕਣ। ਵਧੇਰੇ ਭੀੜ-ਭਾੜ ਵਾਲੇ ਥਾਵਾਂ 'ਤੇ ਬਿਨਾਂ ਮਜਬੂਰੀ ਦੇ ਨਾ ਜਾਓ।

**ਕੁਝ ਬਚਾਓ ਦੇ ਨਿਯਮ** : ਕਾਰ ਚਲਾਉਂਦੇ ਸਮੇਂ, ਕਾਰ ਦੀ ਅਗਲੀ ਸੀਟ 'ਤੇ ਬੈਠਦੇ ਸਮੇਂ ਬੈਲਟ ਜ਼ਰੂਰ ਲਗਾਓ। ਜੁੱਤੀਆਂ ਅਤੇ ਚੱਪਲਾਂ ਜਦੋਂ ਥੋੜ੍ਹੀਆਂ ਖੁੱਲ੍ਹੀਆਂ ਹੋਣ ਲੱਗਣ ਤਾਂ ਬਦਲ ਲਓ, ਗਿੱਲੇ ਫਰਸ਼ 'ਤੇ ਨਾ ਚੱਲੋ। ਬਾਥਰੂਮ ਵਰਤਣ ਤੋਂ ਬਾਅਦ ਉਸ ਨੂੰ ਵਾਈਪਰ ਨਾਲ ਚੰਗੀ ਤਰ੍ਹਾਂ ਸਾਫ ਕਰੋ। ਉਠਦੇ ਸਮੇਂ ਵੱਖੀ ਭਾਰ ਉਠੋ। ਜੇਕਰ ਫਰਸ਼ 'ਤੇ ਬੈਠੇ ਹੋ ਤਾਂ ਉਠਦੇ ਸਮੇਂ ਸਹਾਰਾ ਲੈ ਕੇ ਉਠੋ, ਝਟਕੇ ਨਾਲ ਨਾ ਉਠੋ। ਉਬੜ-ਖਾਬੜ ਜਾਂ ਟੇਢੀਆਂ-ਮੇਢੀਆਂ ਸੜਕਾਂ 'ਤੇ ਧਿਆਨ ਨਾਲ ਚੱਲੋ।

**ਦੰਦਾਂ ਦੀ ਸਫਾਈ ਵੱਲ ਧਿਆਨ ਦਿਓ** : ਇਕ ਅਧਿਐਨ ਅਨੁਸਾਰ ਲੰਬੀ ਉਮਰ ਅਤੇ ਤੰਦਰੁਸਤ ਦੰਦਾਂ ਦਾ ਆਪਸੀ ਸਬੰਧ ਹੁੰਦਾ ਹੈ। ਜੋ ਲੋਕ ਆਪਣੀ ਨਿੱਜੀ ਸਫਾਈ ਪ੍ਰਤੀ ਜਾਗਰੂਕ ਹੁੰਦੇ ਹਨ, ਉਹ ਤੰਦਰੁਸਤ ਰਹਿੰਦੇ ਹਨ। ਦੰਦ ਜੇਕਰ ਤੰਦਰੁਸਤ ਹੋਣਗੇ ਤਾਂ ਖਾਣਾ ਚੰਗੀ ਤਰ੍ਹਾਂ ਚਬਾਉਣਗੇ, ਜਿਸ ਨਾਲ ਪੇਟ ਠੀਕ ਰਹੇਗਾ। ਪੇਟ ਦੇ ਵਿਗੜਨ ਨਾਲ ਕਈ ਬਿਮਾਰੀਆਂ ਘੇਰ ਲੈਂਦੀਆਂ ਹਨ।

# ਸ਼ੋਕ ਸਮਾਚਾਰ

ਬੀਤੇ ਦਿਨੀਂ ਬੀਬੀ ਗਿਆਨ ਕੌਰ ਸੁਪੱਤਨੀ ਸ. ਪ੍ਰੀਤਮ ਸਿੰਘ ਨਡਾਲਾ ਵਾਸੀ ਦਾ 88 ਸਾਲ ਦੀ ਉਮਰ ਵਿਚ ਸਵਰਗਵਾਸ ਹੋ ਗਿਆ ਹੈ। ਬੀਬੀ ਜੀ ਮੇਜਰ ਨਰਿੰਦਰ ਸਿੰਘ ਜਲੋ ਦੇ ਤਾਇਆ ਜੀ ਸਵਰਗਵਾਸੀ ਸ. ਬਲਵੰਤ ਸਿੰਘ ਦੀ ਲੜਕੀ ਸਨ। ਬੀਬੀ ਜੀ ਦੇ 7 ਪੁੱਤਰ ਅਤੇ 1 ਪੁੱਤਰੀ ਹਨ। ਉਨ੍ਹਾਂ ਦਾ ਵੱਡਾ ਲੜਕਾ ਸੂਬੇਦਾਰ ਜਗੀਰ ਸਿੰਘ 20 ਸਾਲ ਯੂ.ਐਸ.ਏ. ਵਿਚ ਰਹਿਣ ਪਿੱਛੋਂ ਜਲੰਧਰ ਵਿਖੇ ਆਪਣਾ ਕਾਰੋਬਾਰ ਕਰ ਰਿਹਾ ਹੈ। ਇਕ ਲੜਕਾ ਸ. ਮੋਹਨ ਸਿੰਘ ਐਫ.ਆਰ.ਐਸ. ਵਿਚ ਅਗਜੈਕਟਿਵ ਅਫਸਰ ਹੈ। ਇਕ ਲੜਕਾ ਡਾ. ਲਖਵਿੰਦਰ ਸਿੰਘ ਅਜਨਾਲਾ ਸਰਕਾਰੀ ਹਸਪਤਾਲ ਵਿਚ ਐਸ.ਐਮ.ਓ. ਵਜੋਂ ਨੌਕਰੀ ਕਰ ਰਹੇ ਹਨ। ਬਾਕੀ ਦੇ ਲੜਕੇ, ਪੋਤਰੇ, ਪੋਤਰੀਆਂ ਵਿਦੇਸ਼ਾਂ ਵਿਚ ਆਪਣਾ ਕਾਰੋਬਾਰ ਕਰ ਰਹੇ ਹਨ। ਸਾਰੇ ਪਰਿਵਾਰ ਤੇ ਪ੍ਰਮਾਤਮਾ ਦੀ ਬੜੀ ਮਿਹਰ ਹੈ। ਬੀਬੀ ਜੀ ਦੀ ਅੰਤਿਮ ਅਰਦਾਸ ਗੁਰਦੁਆਰਾ ਬਾਓਲ੍ਹੀ ਸਾਹਿਬ ਨਡਾਲਾ ਵਿਖੇ ਸੰਪੰਨ ਹੋਈ। ਸ਼ਰਧਾਂਜਲੀ ਸਮਾਰੋਹ ਵਿਚ ਵਿਸ਼ੇਸ਼ ਤੌਰ ਤੇ ਜਥੇਦਾਰ ਵੀਰ ਸਿੰਘ ਲਪੋਂਕੇ, ਚੇਅਰਮੈਨ ਪਲੈਨਿੰਗ ਬੋਰਡ ਡਾਇਰੈਕਟੋਰੇਟ, ਅੰਮ੍ਰਿਤਸਰ, ਸ. ਡੀ. ਐਸ. ਰੰਧਾਵਾ, ਟੀ.ਵੀ. ਐਨਕਰ ਦੂਰਦਰਸ਼ਨ, ਜਲੰਧਰ, ਮੇਜਰ ਰਾਜਬੀਰ ਸਿੰਘ ਅਜਨਾਲਾ, ਡਾ. ਰਣਜੀਤ ਸਿੰਘ ਬੁੱਟਰ ਡੀ.ਐਚ.ਓ., ਅੰਮ੍ਰਿਤਸਰ, ਸ. ਜਸਵੰਤ ਸਿੰਘ, ਐਸ.ਡੀ..ਐਮ., ਸ. ਸੁਖਜਿੰਦਰ ਸਿੰਘ, ਪ੍ਰਧਾਨ ਰੈਵਨਯੂ ਯੂਨੀਅਨ ਪੰਜਾਬ, ਸ. ਸੁਖਜਿੰਦਰ ਸਿੰਘ, ਗੁੱਜਰਪੁਰ, ਸ. ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠਿਆ, ਡਾ. ਮੇਹਰ ਸਿੰਘ ਨਡਾਲਾ, ਕਰਨਲ ਰਾਜਿੰਦਰ ਸਿੰਘ, ਮੇਜਰ ਨਰਿੰਦਰ ਸਿੰਘ ਜੱਲੋ, ਮੇਜਰ ਮੇਹਰ ਸਿੰਘ, ਸਾਬਕਾ ਪ੍ਰਧਾਨ, ਸ. ਕੁਲਦੀਪ ਸਿੰਘ, ਰਾਈਸ ਸ਼ੂਗਰ ਮਿਲਜ, ਗੁਰਦਾਸਪੁਰ, ਸ. ਗੁਰਮੀਤ ਸਿੰਘ, ਸਾਬਕਾ ਤਹਿਸੀਲਦਾਰ, ਕੈਪਟਨ ਜਸਵੰਤ ਸਿੰਘ ਇਤਿਆਦ ਸ਼ਾਮਿਲ ਹੋਏ। ਜਥੇਦਾਰ ਵੀਰ ਸਿੰਘ ਲਪੋਂਕੇ, ਚੇਅਰਮੈਨ ਪਲੈਨਿੰਗ ਬੋਰਡ ਡਾਇਰੈਕਟੋਰੇਟ, ਅੰਮ੍ਰਿਤਸਰ, ਨੇ ਬੀਬੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਤੇ ਸੂਬੇਦਾਰ ਜਗੀਰ ਸਿੰਘ ਨੇ ਆਪਣੀ ਮਾਤਾ ਜੀ ਦੀ ਯਾਦ ਵਿਚ ਪਰਿਵਾਰ ਵੱਲੋਂ ਬਾਬਾ ਮੱਖਣ ਸ਼ਾਹ ਫਾਊਂਡੇਸ਼ਨ ਚੰਡੀਗੜ੍ਹ (ਰਜਿ.) ਨੂੰ 7200/- (ਸੱਤ ਹਜ਼ਾਰ ਦੋ ਸੌ ਰੁਪਏ) ਭੇਂਟ ਕੀਤੇ। ਅਦਾਰਾ ਫਾਊਂਡੇਸ਼ਨ ਪਰਿਵਾਰ ਦਾ ਧੰਨਵਾਦੀ ਹੈ ਅਤੇ ਪੂਰੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ ਅਤੇ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਸਦੀਵੀਂ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਚੜ੍ਹਦੀ ਕਲਾ ਵਿਚ ਰੱਖੇ।

**(ਗੁਰਚਰਨ ਸਿੰਘ)**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ (ਰਜਿ.)**

# BHAI NADU SHAH

Nada a small village surrounded by thick jungle is situated on the bank of river Ghagar and about four miles south west of Chandigarh railway station. Now, it is in Panchkula district of Haryana State. A considerable number of people belonging to Bhai Makhan Shah Lobana clan were the residents of this village. A person from this clan was a trader, owning few panchakkis installed over the water passage of Gahgar. As usual, as per the traditions of Lobanas, he had good number of cattle including goats with him. He had reasonable income from all these sources and was doing, the business of shaukari. From his appearance, he looked very simple, humble and poor but he was a true and strong follower of Guru Ji. Villagers used to call him sha ji and slowly and slowly people started calling him Nada Shah and after passage of time he was being called Nadu Shah.

Guru Gobind Singh adorned the Guruship in 1675. In 1684 AD to avoid the wrath of Aurangzeh, Guru Ji thought proper to leave Makhowal and select a suitable and safer place in the interior of hilly area. He made the state of Nahan as centre of his activities, stayed there, up to 1687 AD and settled at Paunta on the bank of river Jamuna. Here a Gurudwara was established in January 1685. Guru Ji resolved to fight for the political and religious freedom of the people. The Rajas of neghbouring hilly areas saw a great danger from Guru's Ji March, towards progress . Consequently Raja Fateh Singh of Srinagar and Raja Bhim Singh of Bilaspur jointly invaded Paunta and a bloody battle was fought on 15-04-1687 at Bhangani, where Guru Ji defeated the Rajas. Guru Ji stayed for some time at Paunta to watch the activities of defeated Rajas and thereafter in August 1687 moved to Nahan. Guru Ji stayed for some time with the Raja of Nahan. All the soldiers were asked to make this place a relaxation camp and celebrate their victory of Bhagani battle. Raja of Nahan provided all facilities to Guru Ji for doing sewa for the men and cavalry horses. Guru Ka Langar was served to all the troops and they made necessary arrangement to cut the chara in a Toka fixed there (Toka Kutra chara) and fed the horses through out the stay at this place. A Gurudwara built at this place is named “Gurdwara Toka Sahib. This is situated in the Himachal State. Guru Ji and his troops marched towards their destination in the 1st week of September 1687. The next halt they made was at a village Raipur. The Rani of Raipur was the follower of Guru Ji and she suggested to the Raja to be disciple of Guru Ji. Raja gladly accepted the Rani's suggestion and became the disciple of Guru Ji. Guru Ji on his departure in the middle of September 1687 announced that this place herefafter be called Raipur Rani. Guru Ji made the next halt at Nanak Tapray and after short stay moved to Nada village.

Guru Ji along with Sikh Sewadars,

Soldiers and cavalry of horses reached outside village Nada and camped on a Tibba (raised hilly site) in the 1st week of October 1687. Bhai Nadu Shah was anxiously waiting for Guru Ji. Guru Ji had more than 1000 troops with him. Nadu Shah prayed before Guru Ji that he may be given the sewa to look after the entire strength of his troops including cavalry horses. It was evening and all men were feeling tired due to continuous journey. Nadu Shah had enough quantity of milk at his disposal and all other villagers also came to assist him.

Hot milk was served to the men and horses were fed with grams. Nadu Shah had considerable quantity of ration but it was sufficient for two meals only. Guru Ji asked him how will he arrange such a huge quantity of meals for the entire strength of his disciples, Guru Deva, your blessings will make every thing possible and available.Bhai Nadu Shah had enough quantity of food grain but it could not be grinded in the Panchakkis (Gharats) which were standing idle due to less flow of water in the Ghagar river. As soon as Guru Ji said, "Nadu Shah your Sewa is parvan" Panchakkis/Gharats which were standing idle due to less flow of water started working as sudden flow of water rushed in the river and all Panchakkis started grinding the grains in to atta. As long as Guru Ji camped at Nada, Panchakkis continuously remained grinding the grains. The entire residents of the village contributed their share and gave full co-operation and assistance to Bhai Nadu Shah for preparing the Langar for Guru Ji and his disciples. The horses enjoyed their fodder in the open Jungals. Guru Ji was so much pleased with the arrangemenst that he decided to extend his stay for some more days at Nada. On the day of departure, Guru Ji called Bhai Nadu Shah and his villagers and presented them Saropas. Guru Ji further called Bhai Nadu Shah and blessed "my dear you will be always remembered for this great sewa". Your this tibba (raised hilly site) will come up as a place of worship for ever. The place remained obscure until one Bhai Motha Singh discovered the sacred spot and with cooperation of other villagers of near by villages raised a platform to perpetuate the memory of Guru's visit and in the later years a room was constructed and Maniji Sahib was established. Nothing more is known of the devout Motha Singh nor of the date of the establishment of ManJi Sahib. For two centuries, this place remained unattended due to allusion in the Ghagar river but in the third half (1952 to 1975) of twentieth century the blessing of Guru Ji took its root. Now it is one of the few shrines of the Sikhs where lakhs of people pay their homage and get their demands fulfilled "JUNGAL MEIN MANGAL". Here stands a historical Gurudwara called Gurudwara Nada Sahib and visited by endless devotees every day.

From here Guru Ji made halts at Kohni Sahib, Dhakoli and Gurudwara Nabha Sahib and than proceeded to Makhowal.

Reference: The Encyclopedia of Sikhism by S. Harbans Singh Punjabi University Patiala 1997.

**(Gurcharan Singh Palia)**
**Regional President**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-03-2015 ਤੋਂ 31-03-2015

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਕਰਨਲ ਐਮ. ਐਸ. ਗਿਲ<br>ਮਕਾਨ ਨੰ.-118, ਸੈਕਟਰ-35-ਏ, ਚੰਡੀਗੜ੍ਹ | 500/- | ਐਚ-6368 | 04-03-2015 |
| 2. | ਇੰਜੀ. ਸਰਦਾਰਾ ਸਿੰਘ (ਰਿਟਾ.)<br>ਮਕਾਨ ਨੰ.-553, ਸੈਕਟਰ-36ਬੀ, ਚੰਡੀਗੜ੍ਹ | 500/- | ਐਚ-6369 | 04-03-2015 |
| 3. | ਸ. ਹਰਬੰਸ ਸਿੰਘ ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-6375 | 04-03-2015 |
| 4. | ਸ. ਗੁਰਦੇਵ ਸਿੰਘ ਸਰਕਾਰੀ ਠੇਕੇਦਾਰ<br>ਮਕਾਨ ਨੰ.-122, ਸੈਕਟਰ-36 ਏ, ਚੰਡੀਗੜ੍ਹ | 500/- | ਐਚ-6376 | 04-03-2015 |
| 5. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ.-541, ਫੇਸ-3-ਏ, ਮੋਹਾਲੀ | 500/- | ਐਚ-6377 | 06-03-2015 |
| 6. | ਸ. ਭਗਵਾਨ ਸਿੰਘ ਲੁਬਾਣਾ<br>ਮਕਾਨ ਨੰ.-187, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ | 500/- | ਐਚ-6378 | 04-03-2015 |
| 7. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ. 117, ਸੈਕਟਰ-35 ਏ, ਚੰਡੀਗੜ੍ਹ | 500/- | ਐਚ-7101 | 12-03-2015 |
| 8. | ਮੇਜਰ ਤਰਲੋਕ ਸਿੰਘ<br>ਮਕਾਨ ਨੰ. 62, ਸੈਕਟਰ-71, ਮੋਹਾਲੀ | 200/- | ਐਚ-7102 | 12-03-2015 |
| 9. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2368, ਫੇਸ-11, ਮੋਹਾਲੀ | 500/- | ਐਚ-7103 | 12-03-2015 |
| 10. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ. 2218, ਸੈਕਟਰ-38 ਸੀ, ਚੰਡੀਗੜ੍ਹ | 1000/- | ਐਚ-7104 | 12-03-2015 |
| 11. | ਕੈਪਟਨ ਜਗਤਾਰ ਸਿੰਘ, ਮਨੀਮਾਜਰਾ | 100/- | ਐਚ-7105 | 12-03-2015 |
| 12. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7106 | 12-03-2015 |
| 13. | ਸ. ਗਿਆਨ ਸਿੰਘ ਮੁਲਤਾਨੀ<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 200/- | ਐਚ-7107 | 12-03-2015 |
| 14. | ਗੁਪਤ ਦਾਨ | 500/- | ਐਚ-7109 | 14-03-2015 |
| 15. | ਸ. ਧਰਮਵੀਰ ਸਿੰਘ, ਕੇਅਰ ਟੇਕਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7110 | 14-03-2015 |

| | | | | |
|---|---|---|---|---|
| 16. | ਸ੍ਰੀ ਕੈਲਾਸ਼ ਸਿੰਘ, ਸੇਵਾਦਾਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 100/- | ਐਚ-7111 | 14-03-2015 |
| 17. | ਕੈਪਟਨ ਜਸਬੀਰ ਸਿੰਘ<br>ਐਚ ਬਲਾਕ, ਫਲੈਟ ਨੰ.-201, ਰਿਸ਼ੀ ਅਪਾਰਟਮੈਂਟਸ, ਜ਼ੀਰਕਪੁਰ | 5100/- | ਐਚ-7112 | 14-03-2015 |
| 18. | ਸ. ਹਰਭਜਨ ਸਿੰਘ<br>ਡੀ. ਆਈ. ਜੀ. (ਰਿਟਾ.), ਜ਼ੀਰਕਪੁਰ | 500/- | ਐਚ-7113 | 14-03-2015 |
| 19. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7114 | 14-03-2015 |
| 20. | ਸ. ਸੁਰਿੰਦਰ ਸਿੰਘ<br>ਸੈਕਟਰ-47-ਡੀ, ਚੰਡੀਗੜ੍ਹ | 100/- | ਐਚ-7115 | 14-03-2015 |
| 21. | ਸ. ਗੁਰਬਚਨ ਸਿੰਘ,<br>ਸੈਕਟਰ-46, ਚੰਡੀਗੜ੍ਹ | 100/- | ਐਚ-7116 | 14-03-2015 |
| 22. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ. 117, ਸੈਕਟਰ-35 ਏ, ਚੰਡੀਗੜ੍ਹ | 500/- | ਐਚ-7117 | 14-03-2015 |
| 23. | ਸ. ਗਿਆਨ ਸਿੰਘ ਮੁਲਤਾਨੀ<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 100/- | ਐਚ-7118 | 14-03-2015 |
| 24. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2368, ਫੇਸ-11, ਮੋਹਾਲੀ | 500/- | ਐਚ-7119 | 14-03-2015 |
| 25. | (ਰਿਟਾ.) ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ.-3405, ਸੈਕਟਰ-40- ਡੀ, ਚੰਡੀਗੜ੍ਹ | 200/- | ਐਚ-7020 | 14-03-2015 |
| 26. | ਪੰਡਤ ਰਾਮ ਕੁਮਾਰ, ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-7121 | 14-03-2015 |
| 27. | ਗੁਪਤ ਦਾਨ | 100/- | ਐਚ-7122 | 14-03-2015 |
| 28. | ਕਰਨਲ ਜਗਤਾਰ ਸਿੰਘ ਮੁਲਤਾਨੀ<br>ਮਕਾਨ ਨੰ.-114, ਸੈਕਟਰ-33-ਏ, ਚੰਡੀਗੜ੍ਹ | 500/- | ਐਚ-7123 | 14-03-2015 |
| 29. | ਸ. ਹਰਬੰਸ ਸਿੰਘ ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 200/- | ਐਚ-7124 | 14-03-2015 |
| 30. | ਸ. ਦਰਸ਼ਨ ਸਿੰਘ<br>ਸੈਕਟਰ-22-ਬੀ, ਚੰਡੀਗੜ੍ਹ | 200/- | ਐਚ-7125 | 14-03-2015 |
| 31. | ਸ. ਕਰਤਾਰ ਸਿੰਘ, ਪੰਚਕੂਲਾ | 200/- | ਐਚ-7126 | 14-03-2015 |
| 32. | ਸ. ਨਰਿੰਦਰ ਸਿੰਘ<br>ਸਨੀ ਐਨਕਲੇਵ, ਖਰੜ੍ਹ | 500/- | ਐਚ-7127 | 14-03-2015 |

## ਲੁਬਾਣਾ ਸੇਵਕ ਮੈਗਜ਼ੀਨ ਦੇ ਲਾਈਫ ਮੈਂਬਰਸ਼ਿਪ

| | | |
|---|---|---|
| 1. | ਇੰਜ. ਬਲਜੀਤ ਸਿੰਘ ਭਗਤਾਣਾ<br>ਡਿਪਟੀ ਚੀਫ਼ ਇੰਜੀਨੀਅਰ (ਰਿਟਾ.) 14, FF ਸਰਸਵਤੀ ਵਿਹਾਰ, ਕਪੂਰਥਲਾ ਰੋਡ ਜਲੰਧਰ | 1100/- |



# MATRIMONIAL



## ਵਰ ਦੀ ਲੋੜ

Indian OR NRI or doctor/nurse/dentist /IT/ any other professionally qualified beautiful Punjabi girl for handsome, tall brilliant Australian Lubana Sikh boy 28/5'-11" non-drinker/smoker boy currently in India. Own house in Australia. Brothers Australian citizen. Rural/urban property Well-settled family early marriage, Not any demand Send girl's latest photo/bio-data. E-MAIL-rajvinder20@hotmail.com. MOB.NO. 09466436721

* * *

Suitable match for Rajput Girl, Born on 13-05-1983, M.Tech (Computer Science), Working as H.O.D in Rayat Bahara at Ropar.Father Expired, Mother Housewife, Sister & Brother Married. Contact No.-98150-42331, 81469-94792

## ਕੰਨਿਆਂ ਦੀ ਲੋੜ

Sutiable match for june '84 born, 5'11" tall, Lubana sikh clean shaven handsome boy. B.Tech. Computer Science (IIT Kanpur), MBA (IIM Ahmedabad), Uk citizen, legally divorced, investment banker with high six figure dollar income. parents retired class-1 Officers. Contact- 98149-05924, 98149-23055, Email:gsingh2144@gmail.com

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ☬ ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰੂ ਨਦਰਿ ਕਰੇ ☬



ਕਾਕਾ ਅਮਨਦੀਪ ਸਿੰਘ ਸਪੁੱਤਰ ਸ. ਮਨਿੰਦਰ ਸਿੰਘ ਐਡਵੋਕੇਟ ਅਤੇ ਸਰਦਾਰਨੀ ਵਰਿੰਦਰ ਕੌਰ, ਪੋਤਰਾ ਸ. ਸੁਰਜੀਤ ਸਿੰਘ ਐਡਵੋਕੇਟ (Ex-Distt Attorney) ਅਤੇ ਸਰਦਾਰਨੀ ਸ਼ਕੁੰਤਲਾ ਰਾਨੀ (Ex-Principal), ਮਕਾਨ ਨੰ.-152/19-1, ਹੁਡਾ, ਕੈਥਲ (ਹਰਿਆਣਾ) ਦਾ ਵਿਆਹ ਪੂਰਨ ਗੁਰਮਰਿਆਦਾ ਅਨੁਸਾਰ ਬੀਬੀ ਮਨਪ੍ਰੀਤ ਕੌਰ ਸਪੁੱਤਰੀ ਸ. ਰਾਜਪਾਲ ਸਿੰਘ ਅਤੇ ਸਰਦਾਰਨੀ ਜਸਵਿੰਦਰ ਕੌਰ, ਪੋਤਰੀ ਕੈਪਟਨ ਰੂਪ ਸਿੰਘ ਅਤੇ ਸਰਦਾਰਨੀ ਮਹਿੰਦਰ ਕੌਰ, ਮਕਾਨ ਨੰ.-447, ਫੇਸ-10, ਮੋਹਾਲੀ/ਪੈਰਿਸ (ਫਰਾਂਸ) ਨਾਲ ਗੁਰੂ ਗ੍ਰੰਥ ਸਾਹਿਬ ਜੀ/ਗੁਰੂ ਤੇਗ ਬਹਾਦੁਰ/ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਅਪਾਰ ਅਸ਼ੀਰਵਾਦ ਸਦਕਾ ਮਿਤੀ 04-01-2015 ਨੂੰ ਖਾਸ ਤੌਰ ਤੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਸੰਪੰਨ ਹੋਇਆ। ਇਹ ਵੀ ਲਿਖਣਾ ਉਚਿਤ ਹੋਵੇਗਾ ਕਿ ਉਕਤ ਸ. ਮਨਿੰਦਰ ਸਿੰਘ ਭਵਨ ਦੇ Paid Patron ਹਨ। ਸ. ਸਰਜੀਤ ਸਿੰਘ, ਐਡਵੋਕੇਟ ਭਵਨ ਦੇ ਫਾਊਂਡਰ ਮੈਂਬਰ ਅਤੇ ਮੌਜੂਦਾ ਸੀਨੀਅਰ ਮੀਤ ਪ੍ਰਧਾਨ ਹਨ।

ਇਸ ਮੌਕੇ ਤੇ ਸੁਭਾਗ ਜੋੜੀ ਨੂੰ ਅਸ਼ੀਰਵਾਦ ਦੇਣ ਲਈ ਦਾਦਕੇ-ਨਾਨਕੇ ਪਰਿਵਾਰਿਕ ਮੈਂਬਰ ਰਿਸ਼ਤੇਦਾਰਾਂ ਸਹਿਤ ਉਚੇਚੇ ਤੌਰ ਤੇ ਬੀਬੀ ਬਖਸ਼ੀਸ਼ ਕੌਰ ਜੀ (ਰਿਟਾ.) ਜਸਟਿਸ ਹਾਈ ਕੋਰਟ ਅਤੇ ਉਨ੍ਹਾਂ ਦੇ ਪਤੀ ਮੇਜਰ ਮੇਹਰ ਸਿੰਘ ਸਾਬਕਾ ਪ੍ਰਧਾਨ, ਸ. ਗੁਰਚਰਨ ਸਿੰਘ ਪ੍ਰਧਾਨ, ਸ. ਗਿਆਨ ਸਿੰਘ ਮੁਲਤਾਨੀ, ਸੀਨੀਅਰ ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਹਰਬੰਸ ਸਿੰਘ ਐਸ.ਈ. (ਰਿਟਾ.), ਜਨਰਲ ਸਕੱਤਰ, ਸ. ਹਰਭਜਨ ਸਿੰਘ ਚੀਫ ਇੰਜੀ. (ਰਿਟਾ.) ਸਾਬਕਾ ਪ੍ਰਧਾਨ, ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) ਸਾਬਕਾ ਪ੍ਰਧਾਨ ਸਾਰੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਦੇ ਮੈਂਬਰ, ਸ. ਭੁਪਿੰਦਰ ਸਿੰਘ ਹੁੱਡਾ, ਸਾਬਕਾ ਮੁੱਖ ਮੰਤਰੀ (ਹਰਿਆਣਾ), ਸ. ਰਨਦੀਪ ਸਿੰਘ ਸੁਰਜੇਵਾਲਾ, ਸਾਬਕਾ ਮੰਤਰੀ ਹਰਿਆਣਾ, ਸ. ਹਰਮੋਹਿੰਦਰ ਸਿੰਘ ਚੱਠਾ, ਸਾਬਕਾ ਵਿੱਤ ਮੰਤਰੀ ਹਰਿਆਣਾ, ਸ. ਦਿਲਰਾਜ ਬਾਜੀਗਰ, ਸਾਬਕਾ ਸਟੇਟ ਮੰਤਰੀ ਹਰਿਆਣਾ, ਸ. ਬਲਬੀਰ ਸਿੰਘ ਸਿੱਧੂ ਐਮ.ਐਲ.ਏ., ਸ. ਅਜੀਤ ਸਿੰਘ ਸਾਬਕਾ ਪ੍ਰਿੰਸੀਪਲ, ਸ. ਤਰਲੋਕ ਸਿੰਘ ਸਾਬਕਾ ਪ੍ਰਿੰਸੀਪਲ, ਡਾ. ਕਮਲਜੀਤ ਸਿੰਘ, ਸ. ਸਵਰਨ ਸਿੰਘ ਯੂ.ਐਸ.ਏ., ਡਾ. ਮਹਿੰਦਰ ਸਿੰਘ ਸ਼ਾਹ, ਡਾ. ਦੀਪਿੰਦਰ ਸਿੰਘ ਯੂ.ਐਸ.ਏ. ਅਤੇ ਹੋਰ ਹਰਿਆਣਾ, ਚੰਡੀਗੜ੍ਹ, ਪੰਚਕੂਲਾ ਦੇ ਉੱਘੀਆਂ ਸ਼ਖਸੀਅਤਾਂ ਤੇ ਪਤਵੰਤੇ ਸੱਜਣ ਮੌਜੂਦ ਸਨ।

ਇਸ ਸਮੇਂ ਲੜਕੇ ਅਤੇ ਲੜਕੀ ਪਰਿਵਾਰ ਵਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਅਤੇ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਨੂੰ ਦਾਨ ਵਜੋਂ ਵੱਖ-ਵੱਖ 1100/ ਰੁਪਏ ਦਿੱਤੇ ਗਏ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਭਵਨ) ਦੀ ਸਮੁੱਚੀ ਕਮੇਟੀ ਇਸ ਸੁਭਾਗੀ ਜੋੜੀ ਨੂੰ ਨਿੱਘਾ ਅਸ਼ੀਰਵਾਦ ਅਤੇ ਜੀਵਨ ਲਈ ਸ਼ੁੱਭਕਾਮਨਾਵਾਂ ਦਿੰਦੀ ਹੈ ਅਤੇ ਅਰਦਾਸ ਕਰਦੀ ਹੈ ਕਿ ਸਹਿ ਪਰਿਵਾਰ ਸਭ ਉੱਤੇ ਗੁਰੂ ਮਹਾਰਾਜ ਦੀ ਕ੍ਰਿਪਾ ਰਹੇ।

(ਗੁਰਚਰਨ ਸਿੰਘ)

Regd No. 32212/78 Postal No.-- CHD/0111/2015-17



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਚੱਲ ਰਹੇ ਹੈਲਥ ਕੇਅਰ ਸੈਂਟਰ ਦੇ ਵੱਖ-ਵੱਖ ਵਿੰਗਾਂ ਦਾ ਦ੍ਰਿਸ਼